

PAIGAM-E-JAGAT

ਪੈ.ਗਾਮ-ਏ-ਜਗਤ

Title code : CHAMUL0091 | E-mail : info@paigamejagat.com | ਸ਼ੁੱਕਰਵਾਰ, 4 ਸਤੰਬਰ 2026, ਸਾਲ-4, ਅੰਕ-5, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਸਪੈਸ਼ਲ ਡੀਜੀਪੀ ਅਪ੍ਰਿੰਤ ਸ਼ੁਕਲਾ ਦੇ ਗੰਨਮੈਨ ਦੀ ਗੋਲੀ ਲੱਗਣ ਨਾਲ ਮੌਤ: ਪੁਲੀਸ ਨੇ ਦੱਸਿਆ ਹਾਦਸਾ


ਮੁਹਾਲੀ - ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ ਦੀ ਸੈਕਟਰ 80 ਸਥਿਤ ਰਿਹਾਇਸ਼ 'ਤੇ ਦੁਪਹਿਰ ਨੂੰ ਤਾਇਨਾਤ ਗੰਨਮੈਨ ਏ.ਐੱਸ.ਆਈ. ਓਂਕਾਰ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਪੁਲੀਸ ਦਾ ਕਹਿਣਾ ਹੈ ਕਿ ਇਹ ਘਟਨਾ "ਏ.ਐੱਸ.ਆਈ. ਦੇ ਹੱਥੋਂ ਪਿਸਤੌਲ ਡਿੱਗਣ ਅਤੇ ਗੋਲੀ ਚੱਲਣ ਕਾਰਨ ਵਾਪਰੀ ਹਾਦਸਾਗ੍ਰਸਤ ਗੋਲੀਬਾਰੀ (ਅਚਾਨਕ ਗੋਲੀ ਚੱਲਣ)"ਦਾ ਮਾਮਲਾ ਹੈ। ਹਾਲਾਂਕਿ, ਸੂਤਰਾਂ ਦਾ ਕਹਿਣਾ ਹੈ ਕਿ ਕੁੱਲ ਛੇ ਗੋਲੀਆਂ ਚੱਲੀਆਂ ਸਨ।

ਪੁਲੀਸ ਨੇ ਪਿਸਤੌਲ ਡਿੱਗਣ ਨਾਲ ਗੋਲੀ ਚੱਲਣ ਦਾ ਦੱਸਿਆ ਕਾਰਨ; ਸੀਨੀਅਰ ਅਧਿਕਾਰੀ ਜਾਂਚ 'ਚ ਜੁਟੇ

ਪੀੜਤ ਨੂੰ ਫ਼ੇਜ਼-6 ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੀਨੀਅਰ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਪੁਲੀਸ ਅਧਿਕਾਰੀ ਇਸ ਘਟਨਾ ਬਾਰੇ ਮੂੰਹ ਬੰਦ ਰੱਖ ਰਹੇ ਹਨ (ਕੁਝ ਵੀ ਬੋਲਣ ਤੋਂ ਗੁਰੇਜ਼ ਕਰ ਰਹੇ ਹਨ)।

ਪਾਕਿਸਤਾਨੀ ਲੜਾਕੂ ਜਹਾਜ਼ ਨੂੰ ਡੇਗਣ ਵਾਲੇ ਅਭਿਨੰਦਨ ਨੇ ਛੱਡੀ ਏਅਰਫੋਰਸ

ਚੰਡੀਗੜ੍ਹ - ਭਾਰਤੀ ਹਵਾਈ ਸੈਨਾ ਦੇ ਸਾਬਕਾ ਗਰੁੱਪ ਕੈਪਟਨ ਅਤੇ ਵੀਰ ਚੱਕਰ ਜੇਤੂ ਅਭਿਨੰਦਨ ਵਰਧਮਾਨ ਨੇ ਇੰਡੀਅਨ ਏਅਰਫੋਰਸ



ਛੱਡ ਦਿੱਤੀ ਹੈ ਅਤੇ ਹੁਣ ਉਹ ਇੱਕ ਨਿੱਜੀ ਏਅਰਲਾਈਨ ਵਿੱਚ ਸ਼ਾਮਲ ਹੋਏ ਹਨ। ਅਧਿਕਾਰੀਆਂ ਦੇ ਅਨੁਸਾਰ, ਉਸਨੇ 31 ਮਾਰਚ, 2026 ਨੂੰ ਹਵਾਈ ਸੈਨਾ ਛੱਡ ਦਿੱਤੀ ਸੀ। ਇੰਡੀਅਨ ਏਅਰਫੋਰਸ ਛੱਡ ਕੇ ਉਹ ਖੇਤਰੀ ਏਅਰਲਾਈਨ FLYIA ਵਿੱਚ ਸ਼ਾਮਲ ਹੋ ਗਏ ਹਨ। ਇੱਥੇ, ਅਭਿਨੰਦਨ ਵਪਾਰਕ ਯਾਤਰੀ ਜਹਾਜ਼ਾਂ ਦੇ ਪਾਇਲਟ ਹੋਣਗੇ। ਦੱਸ ਦਈਏ ਕਿ 27 ਫਰਵਰੀ, 2019 ਨੂੰ ਇੱਕ ਪਾਕਿਸਤਾਨੀ 6-16 ਲੜਾਕੂ ਜਹਾਜ਼ ਨੂੰ ਡੇਗਣ ਤੋਂ ਬਾਅਦ ਅਭਿਨੰਦਨ ਸੁਰਖੀਆਂ ਵਿੱਚ ਆਏ ਸਨ। ਇਸ ਦੌਰਾਨ, ਉਸਦਾ ਮਿਗ-21 ਇੱਕ ਮਿਜ਼ਾਈਲ ਨਾਲ ਟਕਰਾ ਗਿਆ ਸੀ ਅਤੇ ਉਸਨੂੰ ਬਾਹਰ ਨਿਕਲ ਕੇ ਪਾਕਿਸਤਾਨੀ ਕਬਜ਼ੇ ਵਾਲੇ ਖੇਤਰ ਵਿੱਚ ਉਤਰਨਾ ਪਿਆ। ਪਾਕਿਸਤਾਨ ਨੇ ਉਸਨੂੰ ਲਗਭਗ 60 ਘੰਟੇ ਹਿਰਾਸਤ ਵਿੱਚ ਰੱਖਣ ਤੋਂ ਬਾਅਦ 1 ਮਾਰਚ, 2019 ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਸੀ। ਦਰਅਸਲ 14 ਫਰਵਰੀ, 2019 ਨੂੰ, ਪੁਲਵਾਮਾ ਵਿੱਚ ਸੀਆਰਪੀਐਫ ਦੇ ਕਾਫਲੇ 'ਤੇ ਇੱਕ ਅੱਤਵਾਦੀ ਹਮਲਾ ਹੋਇਆ ਸੀ, ਜਿਸ ਵਿੱਚ 40 ਜਵਾਨ ਮਾਰੇ ਗਏ ਸਨ। ਜਵਾਬ ਵਿੱਚ, ਭਾਰਤ ਨੇ 26 ਫਰਵਰੀ ਨੂੰ ਪਾਕਿਸਤਾਨ ਦੇ ਬਾਲਾਕੋਟ ਵਿੱਚ ਇੱਕ ਹਵਾਈ ਹਮਲਾ ਕੀਤਾ ਸੀ। ਇਸ ਹਮਲੇ 'ਚ ਅਭਿਨੰਦਨ ਵਰਧਮਾਨ ਨੇ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਪੰਜਾਬ ਦੇ ਮੁਲਾਜ਼ਮਾਂ ਨੂੰ ਮਿਲਦੀ ਦੇਸ਼ 'ਚ ਸਭ ਤੋਂ ਵੱਧ ਤਨਖਾਹ : ਹਰਪਾਲ ਚੀਮਾ

ਚੰਡੀਗੜ੍ਹ, 3 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਵਿੱਚ ਮਹਿੰਗਾਈ ਭੱਤੇ ਦੇ ਬਕਾਈ ਨੂੰ ਲੈ ਕੇ ਸੂਬਾ ਸਰਕਾਰ ਅਤੇ ਮੁਲਾਜ਼ਮਾਂ ਵਿੱਚ ਚੱਲ ਰਿਹਾ ਟਕਰਾਅ ਖ਼ਤਮ ਹੋਣ ਦਾ ਨਾਂਅ ਨਹੀਂ ਲੈ ਰਿਹਾ। ਇਸੇ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਡਾਕਟਰ ਬਲਜੀਤ ਕੌਰ ਨੇ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਦੇਸ਼ ਵਿੱਚ ਸਭ ਤੋਂ ਵੱਧ ਤਨਖਾਹ ਮਿਲ ਰਹੀ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਗੁਜਰਾਤ ਦੇ ਮੁਲਾਜ਼ਮਾਂ ਨਾਲੋਂ 28 ਫੀਸਦ ਵੱਧ ਅਤੇ ਹਰਿਆਣਾ ਦੇ ਮੁਲਾਜ਼ਮਾਂ ਨਾਲੋਂ 13 ਫੀਸਦ ਤਨਖਾਹ ਵੱਧ ਦਿੱਤੀ ਜਾ ਰਹੀ ਹੈ। ਇਸੇ ਕਰਕੇ ਪੰਜਾਬ ਦੇ ਕੁੱਲ ਮਾਲੀਏ ਦਾ 51 ਫੀਸਦ ਹਿੱਸਾ ਮੁਲਾਜ਼ਮਾਂ ਦੀ ਤਨਖਾਹ ਅਤੇ ਪੈਨਸ਼ਨਾਂ ਉੱਤੇ ਖਰਚ ਹੁੰਦਾ ਹੈ। ਜਦੋਂ ਕਿ ਦੇਸ਼ ਵਿੱਚ ਔਸਤਨ ਮਾਲੀਏ ਦਾ 38 ਫੀਸਦ ਹਿੱਸਾ ਹੀ ਮੁਲਾਜ਼ਮਾਂ ਦੀ ਤਨਖਾਹ ਅਤੇ ਪੈਨਸ਼ਨ ਤੇ ਖਰਚ ਹੁੰਦਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲ ਮੁਲਾਜ਼ਮਾਂ ਦੇ ਡੀਏ ਦਾ ਬਕਾਇਆ ਖੜ੍ਹਾ 14100 ਕਰੋੜ ਰੁਪਏ ਪੁਰਾਣੀ ਅਕਾਲੀ ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਸਮੇਂ ਦੇ ਹਨ, ਜਿਸ ਵਿੱਚੋਂ ਆਮ ਆਦਮੀ ਪਾਰਟੀ ਦੀ ਸਰਕਾਰ ਥੋੜੇ ਥੋੜੇ ਕਰਕੇ ਭੁਗਤਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਦਿੱਤੇ ਪਲਾਨ ਅਨੁਸਾਰ 4500 ਕਰੋੜ ਰੁਪਏ ਤੋਂ ਵੱਧ ਦੀ ਰਕਮ ਦਾ ਭੁਗਤਾਨ ਕਰ ਵੀ ਦਿੱਤਾ ਹੈ ਅਤੇ ਬਾਕੀਆਂ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਪਾਰਟੀਆਂ ਪੰਜਾਬ ਦੇ ਮੁਲਾਜ਼ਮਾਂ ਅਤੇ ਲੋਕਾਂ ਨੂੰ ਝੂਠ ਬੋਲ ਕੇ ਗੁਮਰਾਹ ਕਰ ਰਹੀਆਂ ਹਨ। ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ 2022 ਦੀਆਂ ਚੋਣਾਂ ਦੇ ਨਜ਼ਦੀਕ ਆਉਣ ਤੇ ਮੁਲਾਜ਼ਮਾਂ ਨੂੰ ਡੀਏ ਦੇਣ ਦਾ ਐਲਾਨ ਕਰ ਦਿੱਤਾ ਸੀ ਪਰ ਡੀਏ ਨਹੀਂ ਦਿੱਤਾ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਵੀ ਐਲਾਨ ਕਰ ਸਕਦੀ ਸੀ ਪਰ ਆਮ ਆਦਮੀ ਪਾਰਟੀ ਨੇ ਝੂਠ ਨਹੀਂ ਬੋਲਿਆ। ਉਨ੍ਹਾਂ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਹਰ ਪੱਖ ਉੱਤੇ ਗੱਲਬਾਤ ਕਰਨ ਲਈ ਤਿਆਰ ਹੈ। ਇਸ ਲਈ ਮੁਲਾਜ਼ਮ ਹੜਤਾਲ ਕਰਨ ਦੀ ਜਗ੍ਹਾ ਸਰਕਾਰ ਨਾਲ ਬੈਠ ਕੇ ਗੱਲਬਾਤ ਕਰਨ।

ਦਿੱਲੀ ਦੇ ਹੋਟਲ 'ਚ ਦੋਸਤ ਨੇ ਕੀਤੀ ਲੜਕੀ ਦੀ ਹੱਤਿਆ

ਨਵੀਂ ਦਿੱਲੀ : ਦਿੱਲੀ ਦੇ ਇੱਕ ਹੋਟਲ ਦੇ ਕਮਰੇ ਵਿੱਚ ਮਹਿਲਾ ਦਾ ਚਾਕੂ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਅਨੁਸਾਰ ਮਹਿਲਾ ਦਾ ਕਤਲ ਉਸ ਦੇ ਦੋਸਤ ਨੇ ਕੀਤਾ। ਵਾਰਦਾਤ ਤੋਂ ਬਾਅਦ ਦੋਸ਼ੀ ਨੇ ਜ਼ਹਿਰ ਖਾ ਕੇ ਜਾਨ ਦੇਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਦੋਸ਼ੀ ਰਾਜਸਥਾਨ ਦਾ ਰਹਿਣ ਵਾਲਾ ਹੈ, ਜਦਕਿ ਔਰਤ ਬਿਹਾਰ ਦੀ ਰਹਿਣ ਵਾਲੀ ਸੀ । ਦੋਵੇਂ ਬੁੱਧਵਾਰ ਸ਼ਾਮ ਲਾਹੌਰੀ ਗੇਟ ਸਥਿਤ ਹੋਟਲ ਪ੍ਰਿੰਸ ਵਿੱਚ ਪਹੁੰਚੇ ਅਤੇ ਕਮਰਾ ਲਿਆ ਸੀ। ਰਾਤ ਨੂੰ ਦੋਸ਼ੀ ਨੇ ਕਥਿਤ ਤੌਰ 'ਤੇ ਔਰਤ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਵਿੱਚ ਔਰਤ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਇਸ ਤੋਂ ਬਾਅਦ ਦੋਸ਼ੀ ਨੇ ਜ਼ਹਿਰ ਖਾ ਲਿਆ। ਸਵੇਰੇ ਹੋਟਲ ਸਟਾਫ਼ ਨੇ ਕਮਰੇ ਵਿੱਚ ਔਰਤ ਨੂੰ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਦੇਖਿਆ।

ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਲੱਖ-ਲੱਖ ਵਧਾਈਆਂ



ਪੈ.ਗਾਮ-ਏ-ਜਗਤ ਪਰਿਵਾਰ ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਤਿਉਹਾਰ ਦੀਆਂ ਲੱਖ-ਲੱਖ ਵਧਾਈਆਂ ਅਤੇ ਸ਼ੁਭਕਾਮਨਾਵਾਂ। ਭਗਵਾਨ ਸ੍ਰੀ ਕ੍ਰਿਸ਼ਨ ਦਾ ਜੀਵਨ ਸਾਨੂੰ ਸੱਚ, ਪਿਆਰ, ਨੇਕੀ, ਕਰਮ ਅਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ।

ਇਹ ਪਾਵਨ ਤਿਉਹਾਰ ਸਭ ਦੇ ਜੀਵਨ ਵਿੱਚ ਸੁੱਖ, ਸ਼ਾਂਤੀ, ਖੁਸ਼ਹਾਲੀ ਅਤੇ ਖੁਸ਼ੀਆਂ ਲੈ ਕੇ ਆਵੇ ਅਤੇ ਸਮਾਜ ਵਿੱਚ ਪਿਆਰ, ਭਾਈਚਾਰੇ ਤੇ ਸਦਭਾਵਨਾ ਦੀ ਭਾਵਨਾ ਹੋਰ ਮਜ਼ਬੂਤ ਹੋਵੇ।

ਜੈ ਸ੍ਰੀ ਕ੍ਰਿਸ਼ਨ!

ਯਮੁਨਾਨਗਰ 'ਚ ਜਿਮ ਦੇ ਬਾਹਰ ਵਿੱਤੀ ਕਾਰੋਬਾਰੀ ਦੀ ਗੋਲੀ ਮਾਰ ਕੇ ਹੱਤਿਆ


ਯਮੁਨਾਨਗਰ - ਹਰਿਆਣਾ ਦੇ ਯਮੁਨਾਨਗਰ ਵਿਚ ਅੱਜ ਸਵੇਰੇ ਇੱਕ ਫਾਈਨਾਂਸਰ ਦੀ ਜਿਮ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਮਾਡਲ ਟਾਊਨ ਇਲਾਕੇ ਵਿੱਚ ਸਥਿਤ ਜਿਮ ਵਿੱਚ ਆਪਣੀ ਕਸਰਤ ਕਰਕੇ ਬਾਹਰ ਹੀ ਨਿਕਲਿਆ ਸੀ ਕਿ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਗੰਭੀਰ ਰੂਪ ਵਿੱਚ ਜ਼ਖ਼ਮੀ ਵਿੱਤੀ ਕਾਰੋਬਾਰੀ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਪ੍ਰੇਮ ਨਗਰ ਦੇ ਰਹਿਣ ਵਾਲੇ ਹਰਭਜਨ ਸਿੰਘ (60) ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਐਸ.ਪੀ. ਕਮਲਦੀਪ ਗੋਇਲ ਦੀ ਅਗਵਾਈ ਹੇਠ ਪੁਲਿਸ ਟੀਮਾਂ ਮੌਕੇ 'ਤੇ ਪਹੁੰਚੀਆਂ। ਪੁਲਿਸ ਨੇੜਲੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ। ਪਰਿਵਾਰ ਅਨੁਸਾਰ, ਹਰਭਜਨ ਸਿੰਘ ਦੇ ਦੋ ਪੁੱਤਰ ਹਨ। ਵੱਡਾ ਪੁੱਤਰ ਵਿਦੇਸ਼ ਵਿੱਚ ਰਹਿੰਦਾ ਹੈ, ਜਦਕਿ ਛੋਟਾ ਪੁੱਤਰ, ਦਿਲਬਾਗ ਸਿੰਘ, ਯਮੁਨਾਨਗਰ ਵਿੱਚ ਆਪਣੇ ਪਿਤਾ ਦੇ ਨਾਲ ਵਿੱਤੀ ਕਾਰੋਬਾਰ ਹੱਥ ਵਟਾਉਂਦਾ ਹੈ। ਹਰਭਜਨ ਸਿੰਘ ਰੋਜ਼ਾਨਾ ਸਵੇਰੇ ਕਸਰਤ ਕਰਨ ਲਈ ਮਾਡਲ ਟਾਊਨ ਸਥਿਤ ਇੱਕ ਜਿਮ ਵਿੱਚ ਜਾਂਦੇ ਸਨ।

ਅੰਮ੍ਰਿਤਸਰ 'ਚ ਫੜੀ ਗਈ ਹਥਿਆਰਾਂ ਦੀ ਵੱਡੀ ਖੇਪ, 8 ਪਿਸਤੌਲਾਂ ਸਮੇਤ 103 ਕਾਰਤੂਸ ਜ਼ਬਤ; 2 ਕਾਬੂ

ਅੰਮ੍ਰਿਤਸਰ, 3 ਸਤੰਬਰ (ਪੈ.ਗਾਮ-ਏ-ਜਗਤ)

ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਾਜਾਇਜ਼ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਇੱਕ ਕਥਿਤ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 8 ਨਾਜਾਇਜ਼ .30 ਬੋਰ ਪਿਸਤੌਲ ਤੇ 103 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਦੀ ਇਸ ਕਾਰਵਾਈ ਨੂੰ ਨਾਜਾਇਜ਼ ਹਥਿਆਰਾਂ ਦੀ ਤਸਕਰੀ ਖ਼ਿਲਾਫ਼ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

ਪੰਜਾਬ ਦੇ ਡੀਜੀਪੀ ਦਫ਼ਤਰ ਵੱਲੋਂ ਜਾਰੀ ਜਾਣਕਾਰੀ ਮੁਤਾਬਕ, ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਕਥਿਤ ਤੌਰ 'ਤੇ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਰਾਹੀਂ ਵਿਦੇਸ਼ਾਂ 'ਚ ਬੈਠੇ ਹਥਿਆਰ ਤਸਕਰਾਂ ਦੇ ਸੰਪਰਕ 'ਚ ਸਨ। ਪੁਲਿਸ ਅਨੁਸਾਰ ਮੁਲਜ਼ਮ ਵਿਦੇਸ਼ੀ ਸਰੋਤਾਂ ਤੋਂ ਨਾਜਾਇਜ਼ ਹਥਿਆਰ ਮੰਗਵਾਉਣ ਤੇ ਉਨ੍ਹਾਂ ਨੂੰ ਪੰਜਾਬ 'ਚ ਅਪਰਾਧਿਕ



ਗਤੀਵਿਧੀਆਂ ਨਾਲ ਜੁੜੇ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ।

ਪੁਲਿਸ ਹੁਣ ਇਹ ਪਤਾ ਲਗਾਉਣ 'ਚ ਜੁਟੀ ਹੋਈ ਹੈ ਕਿ ਮੁਲਜ਼ਮਾਂ ਨੇ ਹੁਣ ਤੱਕ ਕਿੰਨੀ ਹਥਿਆਰਾਂ ਦੀਆਂ ਖੇਪਾਂ ਮੰਗਵਾਈਆਂ ਤੇ ਇਹ ਹਥਿਆਰ ਕਿਹੜੇ-ਕਿਹੜੇ ਲੋਕਾਂ ਤੱਕ ਪਹੁੰਚਾਏ ਗਏ। ਇਸ ਦੇ ਨਾਲ ਹੀ ਵਿਦੇਸ਼ ਬੈਠੇ ਤਸਕਰਾਂ ਨਾਲ ਉਨ੍ਹਾਂ ਦੇ ਸੰਪਰਕਾਂ ਤੇ ਹਥਿਆਰਾਂ ਦੀ ਸਪਲਾਈ ਦੇ ਸਰੋਤ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ।

ਇਸ ਮਾਮਲੇ ਸਬੰਧੀ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ 'ਚ ਐੱਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਏਜੰਸੀਆਂ ਹੁਣ ਇਸ ਪੂਰੇ ਨੈੱਟਵਰਕ ਦੀਆਂ ਬੈਕਵਰਡ ਤੇ ਫਾਰਵਰਡ ਲਿੰਕਸ ਦੀ ਜਾਂਚ ਕਰ ਰਹੀਆਂ ਹਨ। ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹਥਿਆਰ ਕਿੱਥੋਂ ਲਿਆਂਦੇ ਜਾਂਦੇ ਸਨ, ਪੰਜਾਬ 'ਚ ਉਨ੍ਹਾਂ ਨੂੰ ਕੌਣ ਪ੍ਰਾਪਤ ਕਰਦਾ ਸੀ ਤੇ ਅੱਗੇ ਕਿਹੜੇ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ। ਇਸ ਦੇ ਨਾਲ ਹੀ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਬਰਾਮਦ ਕੀਤੇ ਗਏ ਹਥਿਆਰ ਪੰਜਾਬ ਦੇ ਕਿਹੜੇ ਅਪਰਾਧਿਕ ਗਿਰੋਹਾਂ ਜਾਂ ਅਪਰਾਧਿਕ ਤੱਤਾਂ ਤੱਕ ਪਹੁੰਚਾਏ ਜਾਣੇ ਸਨ। ਪੁਲਿਸ ਨੂੰ ਉਮੀਦ ਹੈ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਬਾਰੇ ਵੀ ਅਹਿਮ ਜਾਣਕਾਰੀਆਂ ਸਾਹਮਣੇ ਆ ਸਕਦੀਆਂ ਹਨ।

ਪੁਲਿਸ ਵੱਲੋਂ ਮਾਮਲੇ 'ਚ ਕਿਸੇ ਵੀ ਸੰਭਾਵਿਤ ਕਰਾਸ-ਬਾਰਡਰ ਕਨੈਕਸ਼ਨ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਏਜੰਸੀਆਂ ਵਿਦੇਸ਼ੀ ਤਸਕਰਾਂ, ਹਥਿਆਰਾਂ ਦੇ ਸਰੋਤ ਤੇ ਪੰਜਾਬ 'ਚ ਸਪਲਾਈ ਚੇਨ ਨਾਲ ਜੁੜੀਆਂ ਕੜੀਆਂ ਨੂੰ ਜੋੜਨ 'ਚ ਜੁਟੀਆਂ ਹੋਈਆਂ ਹਨ।

ਸੋਨੀਪਤ ਵਿਚ ਚੜ੍ਹਦੀ ਸਵੇਰ ਵਾਪਰੇ ਹਾਦਸੇ ਵਿਚ 3 ਲੋਕਾਂ ਦੀ ਮੌਤ

ਸੋਨੀਪਤ - ਹਰਿਆਣਾ ਦੇ ਸੋਨੀਪਤ ਵਿਚ ਅੱਜ ਸਵੇਰੇ ਕੁੰਡਲੀ-ਮਾਨੇਸਰ-ਪਲਵਲ ਐਕਸਪ੍ਰੈਸਵੇਅ 'ਤੇ ਇੱਕ ਅਣਪਛਾਤੇ ਵਾਹਨ ਦੀ 'ਈਕੋ' ਵੈਨ ਨਾਲ ਟੱਕਰ ਹੋ ਗਈ। ਇਸ ਹਾਦਸੇ ਵਿੱਚ ਵੈਨ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਨੌਂ ਹੋਰ ਜ਼ਖ਼ਮੀ ਹੋ ਗਏ। ਇਹ ਘਟਨਾ ਸਵੇਰੇ ਕਰੀਬ 4 ਵਜੇ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਅਤੇ ਸਥਾਨਕ ਲੋਕਾਂ ਨੇ ਜ਼ਖ਼ਮੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਖਰਖੋਦਾ ਦੇ ਸਰਕਾਰੀ ਹਸਪਤਾਲ ਪਹੁੰਚਾਇਆ। ਮੁੱਢਲੀ ਸਹਾਇਤਾ ਦੇਣ ਤੋਂ ਬਾਅਦ, ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਕੁਝ ਲੋਕਾਂ ਨੂੰ ਰੋਹਤਕ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ।

ਪੁਲਿਸ ਨੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਪੋਸਟਮਾਰਟਮ ਲਈ ਸੋਨੀਪਤ ਦੇ ਸਿਵਲ ਹਸਪਤਾਲ ਭੇਜ ਦਿੱਤਾ ਹੈ। ਵੈਨ ਵਿਚ ਸਵਾਰ ਲੋਕ ਬਾਜਰੇ ਦੀ ਫਸਲ ਦੀ ਕਟਾਈ ਲਈ ਉੱਤਰ ਪ੍ਰਦੇਸ਼ ਦੇ ਪੀਲੀਭੀਤ ਤੋਂ ਝੱਜਰ ਜਾ ਰਹੇ ਸਨ।

ਪੰਜਾਬ ਦੀ ਖਰੜਾ ਵੋਟਰ ਸੂਚੀ 'ਚੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਆਊਟ

ਸੰਸਦ ਮੈਂਬਰ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ, 'ਆਪ' ਨੇ ਵੋਟ ਤਬਦੀਲ ਕਰਨ ਦੀ ਕੋਸ਼ਿਸ਼ ਦਾ ਦਾਅਵਾ ਕੀਤਾ

ਚੰਡੀਗੜ੍ਹ, 3 ਸਤੰਬਰ (ਪੈ.ਗਾਮ-ਏ-ਜਗਤ)

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਪ੍ਰਕਿਰਿਆ ਮਗਰੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਪੰਜਾਬ ਦੀ ਖਰੜਾ ਵੋਟਰ ਸੂਚੀ 'ਚੋਂ ਆਊਟ ਹੋ ਗਏ ਹਨ। ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਦੌਰਾਨ ਰਾਘਵ ਚੱਢਾ ਦੇ ਪੰਜਾਬ ਵਿਚਲੇ ਆਪਣੇ ਰਿਹਾਇਸ਼ੀ ਟਿਕਾਣੇ ਤੋਂ ਸ਼ਿਫ਼ਟ ਹੋਣ ਦੀ ਪੁਸ਼ਟੀ ਹੋਈ ਹੈ ਜਿਸ ਮਗਰੋਂ ਰਾਘਵ ਚੱਢਾ ਦੀ ਵੋਟ ਪੰਜਾਬ 'ਚੋਂ ਕੱਟ ਦਿੱਤੀ ਗਈ ਹੈ। ਕੁੱਝ ਸਮਾਂ ਪਹਿਲਾਂ ਭਾਜਪਾ 'ਚ ਸ਼ਾਮਲ ਹੋਏ ਰਾਘਵ ਚੱਢਾ ਨੇ ਆਪਣੀ ਵੋਟ ਕੱਟੇ ਜਾਣ ਨੂੰ 'ਸਿਆਸੀ ਬਦਲਾਖੋਰੀ' ਕਰਾਰ ਦਿੰਦਿਆਂ ਪੰਜਾਬ ਦੀ 'ਆਪ' ਸਰਕਾਰ 'ਤੇ ਗ਼ੁੱਸਾ ਕੱਢਿਆ ਹੈ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਆਖਦੇ ਹਨ ਕਿ ਭਾਰਤੀ ਚੋਣ ਕਮਿਸ਼ਨ ਦੀ ਵਿਸ਼ੇਸ਼ ਸੁਧਾਈ ਪ੍ਰਕਿਰਿਆ 'ਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਨਾਲ ਸੂਬਾਈ ਸਰਕਾਰ ਦੀ ਕੀ ਤੁਅੱਲਕ। ਦੱਸਣਯੋਗ ਹੈ ਕਿ ਚੋਣ ਕਮਿਸ਼ਨ



ਵੱਲੋਂ 13 ਅਗਸਤ ਨੂੰ ਖਰੜਾ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ ਜਿਸ 'ਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਦਾ ਪਤਾ ਚੱਲਿਆ ਹੈ। ਪੰਜਾਬ 'ਚ 20.66 ਲੱਖ ਵੋਟਰਾਂ ਦੇ ਨਾਮ ਕੱਟੇ ਗਏ ਹਨ ਜੋ ਕਿ ਕੁੱਲ ਵੋਟਰ ਸੂਚੀ ਦਾ ਕਰੀਬ 9.7 ਫ਼ੀਸਦੀ ਬਣਦੇ ਹਨ।

ਵੇਰਵਿਆਂ ਅਨੁਸਾਰ ਰਾਘਵ ਚੱਢਾ ਨੇ ਜਦੋਂ ਤੋਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਿਹਾ ਹੈ, ਉਸ ਮਗਰੋਂ ਸਿਰਫ਼ ਇੱਕ ਵਾਰ ਉਹ ਪੰਜਾਬ 'ਚ ਨਜ਼ਰ ਆਏ ਹਨ। ਪਿਛਲੀਆਂ ਨਗਰ ਨਿਗਮ ਚੋਣਾਂ 'ਚ ਵੀ ਰਾਘਵ ਚੱਢਾ ਨੇ ਆਪਣੀ ਵੋਟ ਦਾ ਇਸਤੇਮਾਲ ਨਹੀਂ ਕੀਤਾ ਸੀ। ਮੁਹਾਲੀ ਨਿਗਮ ਦੀ ਵੋਟਰ ਸੂਚੀ 'ਚ ਵਾਰਡ ਨੰਬਰ 44 'ਚ ਸੀਰੀਅਲ ਨੰਬਰ 253 ਅਤੇ ਬੂਥ ਨੰਬਰ 160 'ਚ ਰਾਘਵ ਚੱਢਾ ਦੀ ਵੋਟ ਬਣੀ ਹੋਈ ਸੀ।

ਮੁਹਾਲੀ ਦੇ ਵਾਰਡ ਨੰਬਰ 44 'ਚ ਪੈਂਦੇ ਰੀਜੈਂਸੀ ਹਾਈਟਸ 'ਚ ਰਾਘਵ ਚੱਢਾ ਦੀ ਰਿਹਾਇਸ਼ ਹੈ ਜਿੱਥੋਂ ਉਨ੍ਹਾਂ ਦੇ ਹੁਣ ਪੱਕੇ ਤੌਰ 'ਤੇ ਸ਼ਿਫ਼ਟ ਹੋਣ ਦੀ ਗੱਲ ਕਹੀ ਗਈ ਹੈ। ਆਮ ਆਦਮੀ ਪਾਰਟੀ ਨੇ ਜਦੋਂ ਰਾਘਵ ਚੱਢਾ ਦੀ ਰਾਜ ਸਭਾ ਲਈ 21 ਮਾਰਚ 2022 (ਬਾਕੀ ਸਫ਼ਾ 2 ਤੇ)

ਕੈਥਲ 'ਚ ਸਕੂਲ ਜਾ ਰਹੀਆਂ ਦੋ ਭੈਣਾਂ ਦੀ ਹਾਦਸੇ ਵਿਚ ਮੌਤ, ਟਰੱਕ ਨੇ ਸਕੂਟੀ ਨੂੰ ਮਾਰੀ ਟੱਕਰ

ਕੈਥਲ, 3 ਸਤੰਬਰ (ਪੈ.ਗਾਮ-ਏ-ਜਗਤ)

ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਅਧੀਨ ਆਉਂਦੇ ਸੀਵਨ 'ਚ ਵੀਰਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਸੀਵਨ ਦੇ ਪਿੰਡ ਮਾਂਡੀ ਸਦਰਾ ਤੋਂ ਸਕੂਟਰ 'ਤੇ ਸਵਾਰ ਹੋ ਕੇ ਸਕੂਲ ਜਾ ਰਹੀਆਂ ਦੋ ਵਿਦਿਆਰਥਣਾਂ ਨੂੰ ਇੱਕ ਬੇਕਾਬੂ ਟਰੱਕ ਨੇ ਕੁਚਲ ਦਿੱਤਾ। ਹਾਦਸੇ 'ਚ ਦੋਵਾਂ ਵਿਦਿਆਰਥਣਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਤੋਂ ਬਾਅਦ ਦੋਸ਼ੀ ਟਰੱਕ ਡਰਾਈਵਰ ਗੱਡੀ ਲੈ ਕੇ ਫ਼ਰਾਰ ਹੋ



ਗਿਆ। ਜਾਣਕਾਰੀ ਅਨੁਸਾਰ, ਹਾਦਸਾ ਸੀਵਨ ਦੇ ਮੁੱਖ ਬਾਜ਼ਾਰ ਨੇੜੇ ਮੇਨ ਰੋਡ 'ਤੇ ਵਾਪਰਿਆ। ਦੋਵੇਂ ਵਿਦਿਆਰਥਣਾਂ ਸੀਵਨ ਸਥਿਤ ਸਰਕਾਰੀ ਕੰਨਿਆ ਵਿਦਿਆਲਿਆ 'ਚ ਪੜ੍ਹਦੀਆਂ ਸਨ। ਮ੍ਰਿਤਕਾਂ ਦੀ ਪਛਾਣ ਨਵਨੀਤ ਕੌਰ ਅਤੇ ਗੁਨਦੀਪ ਕੌਰ ਵਜੋਂ ਹੋਈ ਹੈ। ਦੋਵੇਂ ਆਪਸ ਵਿੱਚ ਸਹੇਲੀਆਂ ਸਨ ਅਤੇ ਰੋਜ਼ਾਨਾ ਵਾਂਗ (ਬਾਕੀ ਸਫ਼ਾ 2 ਤੇ)

ਕਾਲੇ ਝੰਡੇ ਦਿਖਾਉਣ 'ਤੇ ਘਰਾਂ ਵਿੱਚ ਵੜ ਕੇ ਨੌਜਵਾਨਾਂ ਨੂੰ ਚੁੱਕਣਾ ਲੋਕਤੰਤਰ ਨਹੀਂ, ਪੁਲਿਸ ਸਟੇਟ ਦੀ ਨਿਸ਼ਾਨੀ: ਸੁਖਜਿੰਦਰ ਸਿੰਘ ਰੰਧਾਵਾ

ਚੰਡੀਗੜ੍ਹ: ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸੁਨਾਮ ਦੇ ਪਿੰਡ ਸ਼ੇਰੋਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪ੍ਰੋਗਰਾਮ ਦੌਰਾਨ ਵਿਰੋਧ ਕਰਨ ਵਾਲੇ ਇੱਕ ਨੌਜਵਾਨ ਨਾਲ ਕਥਿਤ ਪੁਲਿਸ ਧੱਕੇਸ਼ਾਹੀ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਤੰਤਰ ਨੂੰ ਡਰ ਅਤੇ ਦਮਨ ਰਾਹੀਂ ਕੁਚਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਹਾਲਾਤ ਇੰਨੇ ਬਦਤਰ ਹੋ ਚੁੱਕੇ ਹਨ ਕਿ ਸਰਕਾਰ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨਾਲ ਅੱਤਵਾਦੀਆਂ ਵਰਗਾ ਸਲੂਕ ਕੀਤਾ ਜਾ ਰਿਹਾ



ਹੈ। ਰੰਧਾਵਾ ਨੇ ਕਿਹਾ ਕਿ ਜੇ ਮੁੱਖ ਮੰਤਰੀ ਨੂੰ ਆਪਣੇ ਕੰਮ 'ਤੇ ਭਰੋਸਾ ਹੈ ਤਾਂ ਕਾਲੇ ਝੰਡਿਆਂ ਤੋਂ ਡਰ ਕਿਉਂ ਹੈ? ਲੋਕਾਂ ਦੇ ਸਵਾਲਾਂ ਦਾ ਜਵਾਬ ਪੁਲਿਸ ਦੀਆਂ ਗੱਡੀਆਂ ਅਤੇ ਕਥਿਤ ਧੱਕੇਸ਼ਾਹੀ ਨਾਲ ਨਹੀਂ, ਸਗੋਂ ਜਵਾਬਦੇਹੀ ਨਾਲ ਦਿੱਤਾ ਜਾਂਦਾ ਹੈ। ਰੰਧਾਵਾ ਨੇ ਮੁੱਖ ਮੰਤਰੀ ਨੂੰ ਸਿੱਧਾ ਸਵਾਲ ਕੀਤਾ ਕਿ ਕੀ ਆਪਣੇ ਘਰ ਦੀ ਛੱਤ 'ਤੇ ਕਾਲਾ ਝੰਡਾ ਲਹਿਰਾਉਣਾ ਹੁਣ ਜੁਰਮ ਬਣ ਗਿਆ ਹੈ? ਕੀ ਵਿਰੋਧ ਕਰਨ ਵਾਲੇ ਹਰ ਨਾਗਰਿਕ ਨੂੰ ਪੁਲਿਸ ਦੇ ਜ਼ਰੀਏ ਚੁੱਪ ਕਰਵਾਇਆ ਜਾਵੇਗਾ? ਉਨ੍ਹਾਂ ਕਿਹਾ ਕਿ ਜੇ ਲੋਕਾਂ ਦਾ ਵਿਰੋਧ ਸਰਕਾਰ ਨੂੰ ਇੰਨਾ ਚੁੱਭ ਰਿਹਾ ਹੈ ਤਾਂ ਸਰਕਾਰ ਨੂੰ ਆਤਮ-ਮੰਥਨ ਕਰਨਾ ਚਾਹੀਦਾ ਹੈ, ਨਾ ਕਿ ਪੁਲਿਸ ਨੂੰ ਲੋਕਾਂ ਦੇ ਦਰਵਾਜ਼ਿਆਂ ਤੱਕ ਭੇਜਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਪੰਜਾਬ ਪੁਲਿਸ ਨੂੰ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਦੀ ਬਜਾਏ ਰਾਜਨੀਤਿਕ ਵਿਰੋਧ ਨੂੰ ਦਬਾਉਣ ਦਾ ਸਾਧਨ ਬਣਾ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਸਗੋਂ ਪਿਛਲੇ (ਬਾਕੀ ਸਫ਼ਾ 2 ਤੇ)

ਜਲੰਧਰ: ਗੱਦਿਆਂ ਦੀ ਫੈਕਟਰੀ 'ਚ ਲੱਗੀ ਭਿਆਨਕ ਅੱਗ

ਜਲੰਧਰ, 3 ਸਤੰਬਰ (ਪੈ.ਗਾਮ-ਏ-ਜਗਤ)

ਜਲੰਧਰ ਦੇ ਬਸਤੀ ਪੀਰ ਦਾਦ ਰੋਡ ਸਥਿਤ ਮੋਦੀ ਮੈਟਸ ਦੀ ਗੱਦਿਆਂ ਦੀ ਫੈਕਟਰੀ 'ਚ ਭਿਆਨਕ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਲੋਕਾਂ ਨੇ ਸਵੇਰੇ ਕਰੀਬ 9 ਵਜੇ ਇਲਾਕੇ 'ਚੋਂ ਧੂੰਆਂ ਉੱਠਦਾ ਦੇਖਿਆ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ।

ਫੈਕਟਰੀ ਦੇ ਅੰਦਰ ਕੈਮੀਕਲ ਮੌਜੂਦ ਹੋਣ ਕਾਰਨ ਅੱਗ ਕਾਫੀ ਭੜਕ ਗਈ ਹੈ ਤੇ ਇਸ 'ਤੇ ਕਾਬੂ ਪਾਉਣ 'ਚ ਫਾਇਰ ਬ੍ਰਿਗੇਡ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਗ ਬੁਝਾਉਣ ਲਈ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਮੌਕੇ 'ਤੇ ਲਗਾਈਆਂ ਗਈਆਂ ਹਨ। ਅੱਗ ਲੱਗਣ ਦੇ ਅਸਲ ਕਾਰਨਾਂ ਦਾ ਅਜੇ ਤੱਕ ਸਪੱਸ਼ਟ ਪਤਾ ਨਹੀਂ ਲੱਗ ਸਕਿਆ ਹੈ। ਮੁੱਢਲੀ ਜਾਣਕਾਰੀ ਮੁਤਾਬਕ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਫੈਕਟਰੀ ਮਾਲਕ ਤੇ ਪੁਲਿਸ ਵੀ ਮੌਕੇ 'ਤੇ ਪਹੁੰਚ ਗਏ ਹਨ। ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਤੋਂ ਬਾਅਦ ਹੀ ਨੁਕਸਾਨ ਦਾ ਸਹੀ ਅੰਦਾਜ਼ਾ ਲੱਗ ਸਕੇਗਾ। ਇਲਾਕਾ ਵਾਸੀਆਂ ਨੇ ਦੱਸਿਆ ਕਿ ਬਸਤੀ ਪੀਰ ਦਾਦ 'ਚ ਇਹ



ਫੈਕਟਰੀ ਕਈ ਸਾਲਾਂ ਤੋਂ ਚੱਲ ਰਹੀ ਹੈ ਤੇ ਇਹ ਰਿਹਾਇਸ਼ੀ ਇਲਾਕੇ 'ਚ ਸਥਿਤ ਹੈ। ਸਵੇਰੇ ਜਦੋਂ ਫੈਕਟਰੀ ਵਿੱਚ ਅੱਗ ਲੱਗੀ ਤਾਂ ਲੋਕਾਂ ਨੇ ਪਹਿਲਾਂ ਖ਼ੁਦ ਵੀ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਅੱਗ ਦੇ ਫੈਲਣ ਦੇ ਖਦਸ਼ੇ ਨੂੰ ਦੇਖਦਿਆਂ ਫੈਕਟਰੀ ਦੇ ਆਸ-ਪਾਸ ਬਣੇ ਘਰਾਂ ਨੂੰ ਖਾਲੀ ਕਰਵਾ ਦਿੱਤਾ ਗਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਅੱਗ ਕਾਰਨ ਅਸਮਾਨ ਤੱਕ ਕਾਲੇ ਧੂੰਏਂ ਦਾ ਗੁਬਾਰ ਉੱਠਦਾ ਦੇਖ ਕੇ ਇਲਾਕੇ ਦੇ ਲੋਕ ਸਹਿਮ ਗਏ। ਲੋਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ।

ਉਨ੍ਹਾਂ ਕਿਹਾ ਕਿ ਰਿਹਾਇਸ਼ੀ ਇਲਾਕੇ 'ਚ ਫੈਕਟਰੀ ਹੋਣ ਕਾਰਨ ਅੱਗ ਆਸ-ਪਾਸ ਦੇ ਘਰਾਂ ਨੂੰ ਵੀ ਆਪਣੀ ਲਪੇਟ 'ਚ ਲੈ ਸਕਦੀ ਸੀ। ਫਿਲਹਾਲ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਮੌਕੇ 'ਤੇ ਮੌਜੂਦ ਹਨ ਤੇ ਅੱਗ 'ਤੇ ਕਾਬੂ ਪਾਉਣ ਲਈ ਜਦੋ-ਜਹਿਦ ਜਾਰੀ ਹੈ।

ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਨੂੰ ਮਿਲੀ ਜ਼ਮਾਨਤ

ਦਿੱਲੀ ਜਲ ਬੋਰਡ ਘੁਟਾਲੇ 'ਚ ਹੋਈ ਸੀ ਗ੍ਰਿਫਤਾਰੀ

ਨਵੀਂ ਦਿੱਲੀ, 3 ਸਤੰਬਰ (ਪੈ.ਗਾਮ-ਏ-ਜਗਤ)


ਦਿੱਲੀ 'ਚ ਆਮ ਆਦਮੀ ਪਾਰਟੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਨੂੰ ਜ਼ਮਾਨਤ ਮਿਲ ਗਈ ਹੈ। ਦਿੱਲੀ ਜਲ ਬੋਰਡ ਘੁਟਾਲੇ ਵਿੱਚ ਉਨ੍ਹਾਂ ਨੂੰ ਰਾਉਜ਼ ਐਵਿਨਿਊ ਕੋਰਟ ਨੇ 2 ਲੱਖ ਦੇ ਮੁਚਲਕੇ ਦੇ ਬੇਲ ਦੇਣ ਦਾ ਆਰਡਰ ਦਿੱਤਾ ਹੈ। ਦਿੱਲੀ ਜਲ ਬੋਰਡ ਟੈਂਡਰ ਘੁਟਾਲੇ ਵਿੱਚ 132 ਨੇ 18 ਅਪ੍ਰੈਲ ਨੂੰ ਸਤੇਂਦਰ ਜੈਨ ਸਮੇਤ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸੁਣਵਾਈ ਦੌਰਾਨ, ਸਤੇਂਦਰ ਜੈਨ ਦੀ ਨੁਮਾਇੰਦਗੀ ਕਰ ਰਹੇ ਵਕੀਲ ਐਨ. ਹਰੀਹਰਨ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਕੇਸ ਦਰਜ ਹੋਣ ਤੋਂ 27 ਮਹੀਨੇ ਬਾਅਦ ਹੋਈ ਸੀ, ਇਸ ਦੌਰਾਨ ਉਨ੍ਹਾਂਨੂੰ ਸਿਰਫ਼ ਇੱਕ ਵਾਰ ਪੁੱਛਗਿੱਛ ਲਈ ਬੁਲਾਇਆ ਗਿਆ ਸੀ, ਅਤੇ ਜਦੋਂ ਉਨ੍ਹਾਂ ਨੂੰ ਦੁਬਾਰਾ ਬੁਲਾਇਆ ਗਿਆ ਤਾਂ ਉਨ੍ਹਾਂਨੂੰ ਗ੍ਰਿਫ਼ਤਾਰ ਕਰ ਲਿਆ



ਗਿਆ। ਸਤੇਂਦਰ ਜੈਨ ਦੇ ਵਕੀਲ ਨੇ ਕਿਹਾ ਕਿ ਮਾਮਲੇ ਦੀ ਸਾਰੀ ਸਮੱਗਰੀ ਦਸਤਾਵੇਜ਼ੀ ਪ੍ਰਕ੍ਰਿਤੀ ਦੀ ਹੈ ਅਤੇ ਜਾਂਚ ਏਜੰਸੀਆਂ ਦੁਆਰਾ ਪਹਿਲਾਂ ਹੀ ਸਾਰੀ ਸੰਬੰਧਿਤ ਸਮੱਗਰੀ ਜ਼ਬਤ ਕਰ ਲਈ ਗਈ ਹੈ, ਜਦੋਂ ਕਿ ਏਸੀਬੀ ਨੇ ਆਰੋਪ ਲਗਾਇਆ ਕਿ ਸਤੇਂਦਰ ਜੈਨ ਆਦਤਨ ਅਪਰਾਧੀ ਹਨ। ਏਸੀਬੀਨੇ ਕਿਹਾ ਕਿ ਜ਼ਮਾਨਤ ਅਰਜ਼ੀ 'ਤੇ ਫੈਸਲਾ ਲੈਂਦੇ ਸਮੇਂ ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। (ਬਾਕੀ ਸਫ਼ਾ 2 'ਤੇ)

ਵੈਟਨਰੀ ਯੂਨੀਵਰਸਿਟੀ ਨੇ ਸਫਲਤਾ, ਖ਼ੁਸ਼ੀ ਅਤੇ ਮਾਨਸਿਕ ਤੰਦਰੁਸਤੀ ਲਈ ਕੀਤਾ ਸੈਸ਼ਨ ਦਾ ਆਯੋਜਨ

ਲੁਧਿਆਣਾ 03 ਸਤੰਬਰ (ਪੈ.ਗਾਮ-ਏ-ਜਗਤ)



ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਦੇ ਐਨੀਮਲ ਬਾਇਓਟੈਕਨਾਲੋਜੀ ਕਾਲਜ ਨੇ ਨਵਾਂ ਸਵੈ: ਸਫਲਤਾ ਅਤੇ ਖ਼ੁਸ਼ੀ ਨੂੰ ਮੁੜ ਪਰਿਭਾਸ਼ਿਤ ਕਰਨਾ ਵਿਸ਼ੇ 'ਤੇ ਇੱਕ ਸੂਝਵਾਨ ਮਾਹਰ ਸੈਸ਼ਨ ਦਾ ਆਯੋਜਨ ਕੀਤਾ। ਸਰੋਤ ਸ਼ਖ਼ਸੀਅਤ ਡਾ. ਦੀਪਿਕਾ ਵਿਗ, ਖੋਜ ਕੋਆਰਡੀਨੇਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ ਉਦੇਸ਼, ਖ਼ੁਸ਼ੀ, ਸਿਹਤ ਅਤੇ ਸੰਪੂਰਨ ਤੰਦਰੁਸਤੀ 'ਤੇ ਇੱਕ ਵਿਚਾਰਪੂਰਨ ਚਰਚਾ ਵਿੱਚ ਸ਼ਾਮਲ ਕੀਤਾ।

ਡਾ. ਵਿਗ ਨੇ ਖ਼ੁਸ਼ੀ ਦੀ ਪ੍ਰਕਿਰਤੀ ਦੀ ਪੜਚੋਲ ਕਰਦਿਆਂ ਵਿਦਿਆਰਥੀਆਂ ਨੂੰ ਜੀਵਨ ਪ੍ਰਤੀ ਇੱਕ ਸਕਾਰਾਤਮਕ ਅਤੇ ਉਦੇਸ਼ਪੂਰਨ ਪਹੁੰਚ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤੰਦਰੁਸਤੀ ਅਤੇ ਮਾਨਸਿਕ ਸਿਹਤ ਦੇ ਵਧ ਰਹੇ ਮਹੱਤਵ ਪ੍ਰਤੀ ਸੰਵੇਦਨਸ਼ੀਲ ਬਣਾਇਆ। ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਅਕਤੀਗਤ ਤੰਦਰੁਸਤੀ ਸਰੀਰਕ, ਮਨੋਵਿਗਿਆਨਕ ਅਤੇ ਭਾਵਨਾਤਮਕ ਪਹਿਲੂਆਂ ਦਾ ਸੁਮੇਲ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਫਲਤਾ ਦੇ ਬਾਹਰੀ ਸੂਚਕਾਂ ਤੋਂ ਅੱਗੇ ਦੇਖਣ ਅਤੇ ਸਵੈ-ਜਾਗਰੂਕਤਾ, ਸਬੰਧਾਂ, ਇੱਛਾਵਾਂ, ਨਿੱਜੀ ਵਿਕਾਸ ਅਤੇ ਜੀਵਨ ਦੀ ਗੁਣਵੱਤਾ ਨੂੰ ਬਰਾਬਰ ਮਹੱਤਵ ਦੇਣ ਦੀ ਸਲਾਹ ਦਿੱਤੀ।

ਡਾ. ਰਾਮ ਸਰਨ ਸੇਠੀ, ਡੀਨ ਨੇ ਡਾ. ਵਿਗ ਦਾ ਆਪਣੇ ਕੀਮਤੀ ਵਿਚਾਰਾਂ ਨੂੰ ਸਾਂਝਾ ਕਰਨ ਅਤੇ ਵਿਦਿਆਰਥੀਆਂ ਨਾਲ ਜੁੜਨ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਨੌਜਵਾਨ ਮਨਾਂ ਨੂੰ ਮਾਨਸਿਕ ਤੰਦਰੁਸਤੀ ਪ੍ਰਤੀ ਸੰਵੇਦਨਸ਼ੀਲ ਰਹਿੰਦਿਆਂ ਹੋਇਆ ਇੱਕ ਤੰਦਰੁਸਤ ਮਨ ਦੀ ਉੱਤਮਤਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਮਾਨਸਿਕ ਤੰਦਰੁਸਤੀ ਦੀ ਸੰਭਾਲ ਵਿਅਕਤੀਆਂ ਲਈ ਆਪਣੀ ਸਮਰੱਥਾ ਨੂੰ ਸਾਕਾਰ ਕਰਨ ਅਤੇ ਸਮਾਜ ਵਿੱਚ ਸਾਰਥਕ ਯੋਗਦਾਨ ਪਾਉਣ ਲਈ ਬਹੁਤ ਜ਼ਰੂਰੀ ਹੈ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਵਿਦਿਆਰਥੀਆਂ ਲਈ ਅਜਿਹੇ ਢੁਕਵੇਂ ਅਤੇ ਸਾਰਥਕ ਸੈਸ਼ਨ ਦੇ ਆਯੋਜਨ ਵਿੱਚ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਨਾ ਸਿਰਫ਼ ਅਕਾਦਮਿਕ ਅਤੇ ਪੇਸ਼ੇਵਰ ਗਿਆਨ ਪ੍ਰਦਾਨ ਕਰਨ, ਸਗੋਂ ਸੁਚੱਜੇ, ਆਤਮਵਿਸ਼ਵਾਸੀ ਅਤੇ ਭਾਵਨਾਤਮਕ ਤੌਰ 'ਤੇ ਸੰਤੁਲਿਤ ਵਿਦਿਆਰਥੀ ਤਿਆਰ ਕਰਨ। ਉਨ੍ਹਾਂ ਕਿਹਾ ਕਿ ਨੌਜਵਾਨ ਪੇਸ਼ੇਵਰਾਂ ਨੂੰ ਟਿਕਾਊ ਸਫਲਤਾ ਪ੍ਰਾਪਤ ਕਰਨ ਲਈ ਉਦੇਸ਼ ਦੀ ਭਾਵਨਾ ਵਿਕਸਤ ਕਰਨਾ, ਮਾਨਸਿਕ ਅਤੇ ਸਰੀਰਕ ਤੰਦਰੁਸਤੀ ਬਣਾਈ ਰੱਖਣਾ ਅਤੇ ਸੰਤੁਲਿਤ ਦ੍ਰਿਸ਼ਟੀਕੋਣ ਪੈਦਾ ਕਰਨਾ ਜ਼ਰੂਰੀ ਹੈ।

ਡਾ. ਸਤਪ੍ਰਕਾਸ਼ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਡਾ. ਵਿਗ ਦੀ ਉਨ੍ਹਾਂ ਦੇ ਭਾਸ਼ਣ ਲਈ ਸ਼ਲਾਘਾ ਕੀਤੀ। ਸੈਸ਼ਨ ਵਿੱਚ ਅਧਿਆਪਕਾਂ, ਸਟਾਫ ਅਤੇ ਵਿਦਿਆਰਥੀਆਂ ਦੀ ਉਤਸ਼ਾਹੀ ਸ਼ਮੂਲੀਅਤ ਵੇਖੀ ਗਈ। ਇਸ ਆਯੋਜਨ ਨੇ ਉਦੇਸ਼, ਸਫਲਤਾ, ਖ਼ੁਸ਼ੀ ਅਤੇ ਸੰਪੂਰਨ ਤੰਦਰੁਸਤੀ 'ਤੇ ਸੰਵਾਦ ਲਈ ਇੱਕ ਅਰਥਪੂਰਨ ਮੰਚ ਪ੍ਰਦਾਨ ਕੀਤਾ।

ਗੈਂਗਸਟਰਾਂ, ਫਿਰੌਤੀ ਅਤੇ ਸੰਗਠਿਤ ਅਪਰਾਧ ਵਿਰੁੱਧ ਜ਼ੀਰੋ ਟਾਲਰੈਂਸ; ਨਾਗਰਿਕ-ਕੇਂਦਰਿਤ ਪੁਲਿਸਿੰਗ ਨੂੰ ਦਿੱਤੀ ਜਾਵੇਗੀ ਤਰਜੀਹ: ਐਸ.ਐਸ.ਪੀ. ਵਰੁਣ ਸ਼ਰਮਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 03 ਸਤੰਬਰ (ਪੈ.ਗਾਮ-ਏ-ਜਗਤ)

- **ਆਈ.ਪੀ.ਐਸ. ਵਰੁਣ ਸ਼ਰਮਾ ਨੇ ਸੰਭਾਲਿਆ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਐਸ.ਐਸ.ਪੀ. ਦਾ ਅਹੁਦਾ**



ਵਰੁਣ ਸ਼ਰਮਾ, ਆਈ ਪੀ ਐਸ ਨੇ ਅੱਜ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਐਸ ਐਸ ਪੀ ਵਜੋਂ ਅਧਿਕਾਰਤ ਤੌਰ 'ਤੇ ਅਹੁਦਾ ਸੰਭਾਲ ਲਿਆ। ਅਹੁਦਾ ਸੰਭਾਲਣ ਉਪਰੰਤ ਆਪਣੀ ਪਹਿਲੀ ਮੀਡੀਆ ਬ੍ਰੀਫਿੰਗ ਦੌਰਾਨ ਐਸ ਐਸ ਪੀ ਵਰੁਣ ਸ਼ਰਮਾ ਨੇ ਆਪਣੀਆਂ ਪ੍ਰਮੁੱਖ ਤਰਜੀਹਾਂ ਬਾਰੇ ਜਾਣਕਾਰੀ ਦਿੰਦਿਆਂ ਨਾਗਰਿਕਾਂ ਦੀ ਸੁਰੱਖਿਆ, ਸੰਗਠਿਤ ਅਪਰਾਧ ਦੇ ਖਾਤਮੇ ਅਤੇ ਲੋਕਾਂ ਲਈ ਸੁਲਭ ਤੇ ਜਵਾਬਦੇਹ ਪੁਲਿਸ ਪ੍ਰਸ਼ਾਸਨ ਪ੍ਰਤੀ ਪੰਜਾਬ ਪੁਲਿਸ ਦੀ ਵਚਨਬੱਧਤਾ ਨੂੰ ਦੁਹਰਾਇਆ।

ਐਸ ਐਸ ਪੀ ਸ਼ਰਮਾ ਨੇ ਉਨ੍ਹਾਂ 'ਤੇ ਭਰੋਸਾ ਪ੍ਰਗਟਾਉਂਦਿਆਂ ਜ਼ਿਲ੍ਹਾ ਪੁਲਿਸ ਦੀ ਕਮਾਨ ਸੌਂਪਣ ਅਤੇ ਖੇਤਰ ਵਿੱਚ ਕਾਨੂੰਨ ਵਿਵਸਥਾ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਦਾ ਰਸਮੀ ਧੰਨਵਾਦ ਕੀਤਾ। ਆਪਣੀਆਂ ਪ੍ਰਮੁੱਖ ਤਰਜੀਹਾਂ ਬਾਰੇ ਜਾਣਕਾਰੀ ਦਿੰਦਿਆਂ ਐਸ ਐਸ ਪੀ ਨੇ ਕਿਹਾ ਕਿ ਸੰਗਠਿਤ ਅਪਰਾਧ ਅਤੇ ਗੈਂਗਸਟਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਗਠਿਤ ਅਪਰਾਧ, ਫਿਰੌਤੀ ਦੇ ਰੈਕੇਟ ਅਤੇ ਗੈਂਗਸਟਰ ਨੈੱਟਵਰਕਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਸਟਰੀਟ ਕ੍ਰਾਈਮ ਨੂੰ ਰੋਕਣ ਅਤੇ ਚੌਕਸੀ ਨੂੰ ਹੋਰ ਮਜ਼ਬੂਤ ਕਰਨ ਲਈ ਮੋਹਾਲੀ ਪੁਲਿਸ ਵੱਲੋਂ ਰਾਤ ਸਮੇਂ ਡੋਮੀਨੇਸ਼ਨ ਆਪ੍ਰੇਸ਼ਨਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਰਣਨੀਤਕ ਤੌਰ 'ਤੇ ਸਥਾਈ ਅਤੇ ਮੋਬਾਈਲ ਨਾਕਾਬੰਦੀਆਂ ਲਗਾਈਆਂ ਜਾਣਗੀਆਂ ਅਤੇ ਝਗੜਿਆਂ ਜਾਂ ਹੋਰ ਐਮਰਜੈਂਸੀ ਸਥਿਤੀਆਂ ਦੌਰਾਨ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਡਾਇਲ-112 ਐਮਰਜੈਂਸੀ ਰਿਸਪਾਂਸ ਵਾਹਨਾਂ (ਈ ਆਰ ਵੀਜ਼) ਦੀ ਦਿੱਖ ਅਤੇ ਮੌਜੂਦਗੀ ਵਧਾਈ ਜਾਵੇਗੀ।

ਪੁਲਿਸ ਪ੍ਰਸ਼ਾਸਨ ਨੂੰ ਲੋਕਾਂ ਲਈ ਹੋਰ ਸੁਲਭ ਬਣਾਉਣ 'ਤੇ ਜ਼ੋਰ ਦਿੰਦਿਆਂ ਐਸ ਐਸ ਪੀ ਵਰੁਣ ਸ਼ਰਮਾ ਨੇ ਕਿਹਾ ਕਿ ਉਹ ਨਿਰਧਾਰਤ ਦਫ਼ਤਰੀ ਸਮੇਂ ਦੌਰਾਨ ਨਿੱਜੀ ਤੌਰ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਸੁਣਨਗੇ। ਉਨ੍ਹਾਂ ਲੋਕਾਂ ਨੂੰ ਨਸ਼ਾ ਤਸਕਰਾਂ, ਅਪਰਾਧਿਕ ਅਨਸਰਾਂ, ਸਾਈਬਰ ਧੋਖਾਧੜੀ ਅਤੇ ਘਰੇਲੂ ਹਿੰਸਾ ਸਬੰਧੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਦੀ ਅਪੀਲ ਕਰਦਿਆਂ ਭਰੋਸਾ ਦਿੱਤਾ ਕਿ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।

ਭਾਈਚਾਰਕ ਭਾਗੀਦਾਰੀ ਅਤੇ ਲੋਕਾਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਵੱਲੋਂ ਮਾਰਕੀਟ ਐਸੋਸੀਏਸ਼ਨਾਂ, ਟਰੇਡਰ ਐਸੋਸੀਏਸ਼ਨਾਂ ਅਤੇ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ (ਆਰ ਡਬਲਿਊ ਏਜ਼) ਨਾਲ ਸਰਗਰਮੀ ਨਾਲ ਸਾਂਝੇਦਾਰੀ ਕੀਤੀ ਜਾਵੇਗੀ ਤਾਂ ਜੋ ਜ਼ਮੀਨੀ ਪੱਧਰ 'ਤੇ ਸੁਰੱਖਿਆ ਅਤੇ ਪ੍ਰਸ਼ਾਸਨ ਨਾਲ ਸਬੰਧਤ ਮੁੱਦਿਆਂ ਦਾ ਪ੍ਰਭਾਵਸ਼ਾਲੀ ਹੱਲ ਕੀਤਾ ਜਾ ਸਕੇ।

ਟ੍ਰਾਈਸਿਟੀ ਖੇਤਰ ਵਿੱਚ ਮੋਹਾਲੀ ਦੀ ਮਹੱਤਵਪੂਰਨ ਸਥਿਤੀ ਦਾ ਜ਼ਿਕਰ ਕਰਦਿਆਂ ਐਸ ਐਸ ਪੀ ਨੇ ਕਿਹਾ ਕਿ ਕਿਸੇ ਵੀ ਧਰਨੇ ਜਾਂ ਪ੍ਰਦਰਸ਼ਨ ਦੌਰਾਨ ਪੁਲਿਸ ਦੀ ਮੁੱਖ ਤਰਜੀਹ ਪਹਿਲਾਂ ਤੋਂ ਪ੍ਰਭਾਵਸ਼ਾਲੀ ਟ੍ਰੈਫਿਕ ਪ੍ਰਬੰਧਨ ਨੂੰ ਯਕੀਨੀ ਬਣਾਉਣਾ ਹੋਵੇਗੀ, ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ ਅਤੇ ਐਂਬੂਲੈਂਸਾਂ, ਸਕੂਲ ਵਾਹਨਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਦੀ ਨਿਰਵਿਘਨ ਆਵਾਜਾਈ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਅਤੇ ਪੁਲਿਸ ਹੈੱਡਕੁਆਰਟਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਿਸ ਬਲ ਦੀ ਵਧੇਰੇ ਤਰਕਸੰਗਤ ਵਰਤੋਂ ਲਈ ਮਨੁੱਖੀ ਸਰੋਤਾਂ ਦਾ ਵਿਆਪਕ ਮੁਲਾਂਕਣ ਕੀਤਾ ਜਾਵੇਗਾ। ਗੈਰ-ਮੁੱਖ ਡਿਊਟੀਆਂ 'ਤੇ ਤਾਇਨਾਤ ਕਰਮਚਾਰੀਆਂ ਨੂੰ ਯੋਜਨਾਬੱਧ ਢੰਗ ਨਾਲ ਮੁੱਖ ਫਰੰਟਲਾਈਨ ਪੁਲਿਸਿੰਗ ਲਈ ਤਾਇਨਾਤ ਕਰਦਿਆਂ ਥਾਣਿਆਂ ਅਤੇ ਫੀਲਡ ਯੂਨਿਟਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਐਸ ਐਸ ਪੀ ਵਰੁਣ ਸ਼ਰਮਾ ਦੇ ਜ਼ਿਲ੍ਹਾ ਪੁਲਿਸ ਦੇ ਮੁੱਖ ਦਫ਼ਤਰ ਪਹੁੰਚਣ 'ਤੇ ਐਸ ਪੀ (ਸਿਟੀ) ਦਿਲਪ੍ਰੀਤ ਸਿੰਘ, ਐਸ ਪੀ (ਹੈੱਡਕੁਆਰਟਰ) ਨਵਰੀਤ ਸਿੰਘ ਵਿਰਕ ਅਤੇ ਐਸ ਪੀ (ਜਾਂਚ) ਸੌਰਵ ਜਿੰਦਲ ਸਮੇਤ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੁਲਿਸ ਟੁਕੜੀ ਵੱਲੋਂ ਉਨ੍ਹਾਂ ਨੂੰ ਰਵਾਇਤੀ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।

ਰਾਸ਼ਟਰੀ ਅੰਧਰਾਤਾ ਰੋਕਣ ਅਤੇ ਅੱਖਾਂ ਦੀ ਰੌਸ਼ਨੀ ਵਧਾਉਣ/ਬਚਾਉਣ ਬਾਰੇ ਬੱਚਿਆਂ ਨੂੰ ਜਾਗਰੂਕ ਕਰਵਾਇਆ : ਪ੍ਰਿੰਸੀਪਲ ਰਮਨਦੀਪ ਕੌਰ

ਪਟਿਆਲਾ, 3 ਸਤੰਬਰ (ਪੈ.ਗਾਮ-ਏ-ਜਗਤ)



ਭਾਰਤ ਵਿੱਚ ਲੱਖਾਂ ਬੱਚੇ ਨੌਜਵਾਨ ਅਤੇ ਨਾਗਰਿਕ ਅੰਨ੍ਹਾਪਣ ਦੇ ਸ਼ਿਕਾਰ ਹੁੰਦੇ ਹਨ, ਪਰ ਲੋਕਾਂ ਵਲੋਂ ਆਪਣੇ ਮਿਰਤਕਾਂ ਦੀਆਂ ਅੱਖਾਂ ਦਾਨ ਨਹੀਂ ਕੀਤੀਆਂ ਜਾਂਦੀਆਂ। ਇਹ ਜਾਣਕਾਰੀ ਦਿੰਦੇ ਹੋਏ ਸੋਨੀ ਪਬਲਿਕ ਸਕੂਲ ਦੇ ਡਾਇਰੈਕਟਰ ਸ੍ਰੀ ਵਰਿੰਦਰ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਰਮਨਦੀਪ ਕੌਰ ਨੇ ਦੱਸਿਆ ਕਿ ਦੇਸ਼ ਵਿੱਚ ਅੰਧਰਾਤਾ ਰੋਕਣ ਅਤੇ ਮਰੇ ਲੋਕਾਂ ਦੀਆਂ ਅੱਖਾਂ ਦਾਨ ਕਰਨ ਦਾ ਜਾਗ੍ਰਿਤੀ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਇਸੇ ਸਬੰਧ ਵਿੱਚ ਸੋਨੀ ਪਬਲਿਕ ਸਕੂਲ ਪਟਿਆਲਾ ਵਿਖੇ ਬੱਚਿਆਂ ਨੂੰ ਅੱਖਾਂ ਦੀ ਸੰਭਾਲ ਬਾਰੇ ਜਾਣਕਾਰੀ ਦੇਣ ਲਈ ਰੈੱਡ ਕਰਾਸ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਸ਼੍ਰੀ ਕਾਕਾ ਰਾਮ ਵਰਮਾ ਦੀ ਮਦਦ ਲਈ ਗਈ। ਸ਼੍ਰੀ ਕਾਕਾ ਰਾਮ ਵਰਮਾ ਨੇ ਬੱਚਿਆਂ ਨੂੰ ਅੱਖਾਂ ਦੀ ਸੰਭਾਲ ਅਤੇ ਰੋਸ਼ਨੀ ਵਧਾਉਣ ਦੇ ਢੰਗ ਤਰੀਕੇ ਦਸੇ ਗਏ। ਬੱਚਿਆਂ ਨੂੰ ਸਮਝਾਇਆ ਕਿ ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ, ਅੰਧਰਾਤਾ ਅਤੇ ਕਾਲਾ ਪੀਲੀਆਂ ਦੀ ਬਿਮਾਰੀਆਂ ਦੇ ਰਹੇ ਹਨ। ਲਗਾਤਾਰ ਮੋਬਾਈਲ, ਕੰਪਿਊਟਰ ਜਾਂ ਟੈਲੀਵਿਜ਼ਨ ਦੇਖਣ ਨਾਲ ਅੱਖਾਂ ਦੀ ਰੌਸ਼ਨੀ ਘਟਦੀ ਜਾਂਦੀ ਹੈ।

ਸਿਰ ਦੀ ਅੰਦਰੂਨੀ ਸੱਟਾਂ, ਮੋਤੀਆਂ ਬਿੰਦ, ਅੱਖਾਂ ਵਿੱਚ ਸੱਟਾਂ ਲਗਣ, ਵਿਟਾਮਿਨ ਏ ਦੀ ਕਮੀਂ ਕਾਰਨ ਵੀ ਅੱਖਾਂ ਨੂੰ ਨੁਕਸਾਨ ਹੁੰਦੇ ਹਨ। ਅੱਖਾਂ ਦੀ ਸਫਾਈ ਲਈ ਦਿਨ ਵਿਚ 5/6 ਵਾਰੀ ਤਾਜ਼ੇ ਪਾਣੀ ਨਾਲ ਅੱਖਾਂ ਸਾਫ਼ ਕਰਨ, ਵੱਧ ਤੋਂ ਵੱਧ ਤਾਜ਼ੇ ਫਲ ਸਬਜ਼ੀਆਂ ਦੀ ਵਰਤੋਂ ਅਤੇ ਅੱਖਾਂ ਦੀ ਰੌਸ਼ਨੀ ਵਧਾਉਂਣ ਦੀ ਕਸਰਤ ਬਾਰੇ ਦੱਸਿਆ।

ਉਨ੍ਹਾਂ ਨੇ ਕਿਹਾ ਕਿ ਅਗਿਆਨਤਾ ਕਾਰਨ ਹਰ ਸਾਲ 50,000 ਤੋਂ ਵੱਧ ਬੱਚੇ, ਨੌਜਵਾਨ ਮਜ਼ਦੂਰ ਅੰਧਰਾਤੇ ਦਾ ਸ਼ਿਕਾਰ ਹੋ ਰਹੇ ਹਨ।

ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ ਵਿਚ ਨੌਵੀਂ ਜਮਾਤ ਸਾਲ 2027-2028 ਵਾਸਤੇ ਰਜਿਸਟ੍ਰੇਸ਼ਨ ਸ਼ੁਰੂ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 3 ਸਤੰਬਰ (ਪੈ.ਗਾਮ-ਏ-ਜਗਤ)

ਜਵਾਹਰ ਨਵੋਦਿਆ ਵਿਦਿਆਲਿਆ ਚੋਣ ਪ੍ਰੀਖਿਆ ਨੌਵੀਂ ਜਮਾਤ ਸਾਲ 2027-2028 ਵਾਸਤੇ ਆਨਲਾਈਨ ਰਜਿਸਟੇ?ਰਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਨਵੋਦਿਆ ਵਿਦਿਆਲਿਆ ਸਮਿੰਤੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇਸ ਦੀ ਆਖਰੀ ਮਿਤੀ 30.09.2026 ਤੱਕ ਹੈ। ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਮੋਹਾਲੀ ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ, ਵਿਚ ਅਗਲੇ ਵਿੱਦਿਅਕ ਸਾਲ 2027-2028 ਦੀ ਨੌਵੀਂ ਜਮਾਤ ਲਈ ਆਨਲਾਈਨ ਰਜਿਸਟੇ?ਰਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਿੰਸੀਪਲ ਸ੍ਰੀਮਤੀ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੁਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਅੱਠਵੀਂ ਜਮਾਤ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ। ਉਸ ਦਾ ਜਨਮ 01.05.2012 ਤੋਂ 31.07.2014 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ. ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਾਉਣ। ਉਨ੍ਹਾਂ ਕਿਹਾ ਕਿ ਆਨਲਾਈਨ ਲਿੰਕ https://cbseitms.nic.in/B@BF/nvsix_9 'ਤੇ ਰਜਿਸਟ੍ਰੇਸ਼ਨ ਕਰਾਉਣ ਦੀ ਆਖ਼ਰੀ ਮਿਤੀ 30.09.2026 ਹੈ। ਇਸ ਟੈਸਟ ਦੀ ਮਿਤੀ 10.04.2027 ਨੂੰ ਹੋ ਜਾਣ ਰਹੀ ਹੈ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੌਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ।

ਨਾਜਾਇਜ਼ ਹਥਿਆਰ ਰੱਖਣ ਦੇ ਮਾਮਲੇ ਵਿੱਚ ਮੁਲਜ਼ਮ ਗ੍ਰਿਫ਼ਤਾਰ, ਕਬਜ਼ੇ ਵਿੱਚੋਂ .315 ਬੋਰ ਦਾ ਨਾਜਾਇਜ਼ ਦੇਸੀ ਪਿਸਤੌਲ ਬਰਾਮਦ

ਪੈ.ਗਾਮ-ਏ-ਜਗਤ/ਕਰਨਾਲ, 03 ਜੁਲਾਈ (ਪ੍ਰਵੀਨ ਵਾਲੀਆ)

ਜ਼ਿਲ੍ਹਾ ਪੁਲਿਸ ਕਰਨਾਲ ਵੱਲੋਂ ਨਾਜਾਇਜ਼ ਹਥਿਆਰ ਰੱਖਣ ਅਤੇ ਹਥਿਆਰਾਂ ਦੇ ਜ਼ੋਰ 'ਤੇ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਮੁਲਜ਼ਮਾਂ ਖ਼ਿਲਾਫ਼ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਵਿੱਚ ਸੀਆਈਏ-1 ਸਟਾਫ਼ ਕਰਨਾਲ ਦੀ ਟੀਮ ਨੇ ਨਾਜਾਇਜ਼ ਹਥਿਆਰ ਰੱਖਣ ਦੇ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ ਇੱਕ ਨਾਜਾਇਜ਼ ਦੇਸੀ ਪਿਸਤੌਲ .315 ਬੋਰ ਬਰਾਮਦ ਕੀਤਾ ਗਿਆ ਹੈ। ਸੀਆਈਏ-1 ਸਟਾਫ਼ ਇੰਚਾਰਜ ਇੰਸਪੈਕਟਰ ਸੰਦੀਪ ਸਿੰਘ ਦੀ ਅਗਵਾਈ ਵਿੱਚ ਬਣੀ ਪੁਲਿਸ ਟੀਮ ਨੇ ਮੁੱਖ ਸਿਪਾਹੀ ਅਮਿਤ ਕੁਮਾਰ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਲਾਲਪੁਰ ਟੀ-ਪੁਆਇੰਟ, ਮੇਰਠ ਰੋਡ, ਕਰਨਾਲ ਤੋਂ ਮੁਲਜ਼ਮ ਆਸ਼ੀਸ਼ ਪੁੱਤਰ ਸੁਧੀਰ ਕੁਮਾਰ, ਵਾਸੀ ਪਿੰਡ ਨੰਹੇੜਾ, ਜ਼ਿਲ੍ਹਾ ਸਹਾਰਨਪੁਰ, ਉੱਤਰ ਪ੍ਰਦੇਸ਼ ਨੂੰ ਕਾਬੂ ਕੀਤਾ। ਮੁਲਜ਼ਮ ਦੀ ਤਲਾਸ਼ੀ ਲੈਣ 'ਤੇ ਉਸਦੇ ਕਬਜ਼ੇ ਵਿੱਚੋਂ ਇੱਕ ਨਾਜਾਇਜ਼ ਦੇਸੀ ਪਿਸਤੌਲ .315 ਬੋਰ ਬਰਾਮਦ ਹੋਇਆ।

ਇਸ ਸਬੰਧ ਵਿੱਚ ਮੁਲਜ਼ਮ ਖ਼?ਲਾਫ਼ ਆਰਮਜ਼ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਥਾਣਾ ਮਧੂਬਨ, ਕਰਨਾਲ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਮੁਲਜ਼ਮ ਨੂੰ ਨਿਯਮਾਂ ਅਨੁਸਾਰ ਗ੍ਰਿਫ਼ਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜ਼ਿਲ੍ਹਾ ਜੇਲ੍ਹ ਭੇਜ ਦਿੱਤਾ ਗਿਆ। ਜ਼ਿਲ੍ਹਾ ਪੁਲਿਸ ਕਰਨਾਲ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਨਾਜਾਇਜ਼ ਹਥਿਆਰ ਰੱਖਣ, ਵੇਚਣ ਜਾਂ ਇਨ੍ਹਾਂ ਰਾਹੀਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਅਜਿਹੇ ਸਮਾਜ ਵਿਰੋਧੀ ਤੱਤਾਂ ਖ਼ਿਲਾਫ਼ ਲਗਾਤਾਰ ਪ੍ਰਭਾਵੀ ਅਤੇ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਰਹੇਗੀ।

ਡੇਂਗੂ-ਵਿਰੋਧੀ ਮੁਹਿੰਮ : ਸਿਵਲ ਸਰਜਨ ਵਲੋਂ ਸੋਹਾਣਾ ਦੇ ਸਰਕਾਰੀ ਸਕੂਲ ਦਾ ਦੌਰਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 3 ਸਤੰਬਰ (ਪੈ.ਗਾਮ-ਏ-ਜਗਤ)



ਸਿਹਤ ਵਿਭਾਗ ਵਲੋਂ ਚਲਾਈ ਜਾ ਰਹੀ ਡੇਂਗੂ-ਵਿਰੋਧੀ ਮੁਹਿੰਮ ਤਹਿਤ ਟੀਮਾਂ ਨੇ ਅੱਜ ਵੱਖ ਵੱਖ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਚੈਕਿੰਗ ਕੀਤੀ। ਸਿਵਲ

- **ਸਿਹਤ ਟੀਮਾਂ ਨੇ ਕੰਟੇਨਰ ਕੀਤੇ ਚੈੱਕ, ਪਾਣੀ ਇਕੱਤਰ ਨਾ ਹੋਣ ਦੇਣ ਦੀ ਕੀਤੀ ਅਪੀਲ**

ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਟੀਮਾਂ ਨੇ ਸਕੂਲਾਂ ਵਿਚ ਪਾਣੀ ਇਕੱਤਰ ਹੋਣ ਦੀ ਸੰਭਾਵਨਾ ਵਾਲੀਆਂ ਥਾਵਾਂ 'ਤੇ ਨਿਰੀਖਣ ਕੀਤਾ । ਜਿਥੇ ਪਾਣੀ ਖੜਾ ਸੀ, ਉਥੇ ਦਵਾਈ ਦਾ ਛਿੜਕਾਅ ਕੀਤਾ ਗਿਆ। ਟੀਮਾਂ ਨੇ ਗਮਲੇ, ਕੂਲਰ, ਫ਼ਰਿੱਜ ਅਤੇ ਹੋਰ ਕੰਟੇਨਰ ਚੈੱਕ ਕੀਤੇ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ।

ਡਾ. ਜੈਨ ਨੇ ਖ਼ੁਦ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ ਦਾ ਦੌਰਾ ਕੀਤਾ। ਉਨ੍ਹਾਂ ਨਾਲ ਪ੍ਰਾਇਮਰੀ ਹੈਲਥ ਸੈਂਟਰ ਘੜੂੰਆਂ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੀਤ ਮੋਹਨ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਵੀ ਸਨ। ਸਿਵਲ ਸਰਜਨ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅੱਜਕਲ੍ਹ ਦੇ ਮੌਸਮ ਵਿਚ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦੇ ਪੈਦਾ ਹੋਣ ਦੀ ਪੂਰੀ ਸੰਭਾਵਨਾ ਹੁੰਦੀ ਹੈ, ਇਸ ਲਈ ਵਧੇਰੇ ਚੌਕਸੀ ਦੀ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਸਕੂਲ ਤੋਂ ਇਲਾਵਾ ਆਪਣੇ ਘਰ ਅਤੇ ਆਂਢ-ਗੁਆਂਢ ਵਿਚ ਕਿਤੇ ਵੀ ਪਾਣੀ ਇਕੱਠਾ ਨਾ ਹੋਣ ਦੇਣ। ਜ਼ਿਕਰਯੋਗ ਹੈ ਕਿ ਚੈਕਿੰਗ ਦੌਰਾਨ ਇਸ ਸਕੂਲ ਵਿਚ ਕਿਸੇ ਵੀ ਥਾਂ ਮੱਛਰ ਦਾ ਲਾਰਵਾ ਨਹੀਂ ਮਿਲਿਆ।

ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਇਹ ਮੁਹਿੰਮ ਸਾਰੇ ਜ਼ਿਲ੍ਹੇ ਵਿਚ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ?-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

ਪੰਜਾਬ ਪੁਲੀਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਚੰਡੀਗੜ੍ਹ ਯੂਨਿਟ ਵੱਲੋਂ ਵਣ ਮਹੋਤਸਵ ਦਾ ਆਯੋਜਨ

ਚੰਡੀਗੜ੍ਹ, 3 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਪੁਲੀਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਚੰਡੀਗੜ੍ਹ ਯੂਨਿਟ ਵੱਲੋਂ ਵਾਤਾਵਰਣ ਦੀ ਸੁਰੱਖਿਆ, ਹਰਿਆਵਲ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਸੈਕਟਰ 34-ਡੀ, ਚੰਡੀਗੜ੍ਹ ਵਿਖੇ ਮਕਾਨ ਨੰਬਰ 1919 ਦੇ ਸਾਹਮਣੇ ਵਣ ਮਹੋਤਸਵ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਅਤੇ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਦੀਪਕ ਰਿਖੀ, ਕੁਲਦੀਪ ਸਿੰਘ ਅਰੋੜਾ, ਰਣਬੀਰ ਕੌਰ, ਰਘਬੀਰ ਸਿੰਘ, ਤਰਸੇਮ ਬੰਗਾ, ਕੁਲਵੰਤ ਸਿੰਘ ਧਾਲੀਵਾਲ, ਜਗਦੀਸ਼ ਚੰਦ, ਰਮੇਸ਼ ਕੁਮਾਰ ਸ਼ਰਮਾ, ਨੇਤਰ ਰਾਣਾ, ਸੁਰੇਸ਼ ਸ਼ਰਮਾ, ਦਰਸ਼ਨ ਕੁਮਾਰ ਬੱਗਾ, ਜਸਪਾਲ ਸਿੰਘ ਢਿੱਲੋਂ ਹਾਜਰ ਸਨ।

ਯਾਦਵਿੰਦਰ ਸਿੰਘ ਵਿਰਕ ਯੂਥ ਅਕਾਲੀ ਦਲ ਸਰਕਲ ਟਿੱਬੀ ਕਲਾਂ ਦੇ ਪ੍ਰਧਾਨ ਨਿਯੁਕਤ

ਪੈ.ਗਾਮ-ਏ-ਜਗਤ/ਮਮਦੋਟ 3 ਸਤੰਬਰ (ਗੁਰਮੇਜ ਸਿੰਘ)



ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਾਰਟੀ ਦੇ ਨੌਜਵਾਨ ਵਿੰਗ ਨੂੰ ਹੋਰ ਮਜ਼ਬੂਤ ਕਰਨ ਲਈ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਦੀ ਲੜੀ ਤਹਿਤ ਯਾਦਵਿੰਦਰ ਸਿੰਘ ਵਿਰਕ ਨੂੰ ਯੂਥ ਅਕਾਲੀ ਦਲ ਸਰਕਲ ਟਿੱਬੀ ਕਲਾਂ, ਬਲਾਕ ਮਮਦੋਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਜਿੰਦੂ ਵੱਲੋਂ ਕੀਤੀ ਗਈ।

ਪਿੰਡ ਬਸਤੀ ਹਜਾਰਾ ਸਿੰਘ ਵਾਲੀ ਦੇ ਟਕਸਾਲੀ ਪਰਿਵਾਰ ਨਾਲ ਸਬੰਧਤ ਯਾਦਵਿੰਦਰ ਸਿੰਘ ਵਿਰਕ ਨੇ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਪਾਰਟੀ ਹਾਈਕਮਾਨ ਅਤੇ ਸੀਨੀਅਰ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਅਕਾਲੀ ਦਲ ਦੀ ਮਜ਼ਬੂਤੀ ਤੇ ਬਿਹਤਰੀ ਲਈ ਲਗਾਤਾਰ ਕੰਮ ਕਰਨਗੇ।

ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਚਮਕੌਰ ਸਿੰਘ ਟਿੱਬੀ, ਕੋਰ ਕਮੇਟੀ ਮੈਂਬਰ ਪੰਜਾਬ ਸੁਰਿੰਦਰ ਸਿੰਘ ਬੱਬੂ, ਪੀ.ਏ.ਸੀ. ਮੈਂਬਰ ਜੋਗਾ ਸਿੰਘ ਮੁਰਕਵਾਲਾ, ਸਰਕਲ ਪ੍ਰਧਾਨ ਬੀ.ਸੀ. ਵਿੰਗ ਇੰਦਰਜੀਤ ਸਿੰਘ ਟਿੱਬੀ, ਮਨਪ੍ਰੀਤ ਸਿੰਘ ਸਿੱਧੂ ਮਮਦੋਟ, ਸੂਬਾ ਸਿੰਘ ਮੱਤੜ ਅਤੇ ਰਾਜ ਕੁਮਾਰ ਮੈਣੀ ਸਮੇਤ ਹੋਰਨਾਂ ਪਾਰਟੀ ਆਗੂਆਂ ਨੇ ਯਾਦਵਿੰਦਰ ਸਿੰਘ ਵਿਰਕ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਸ.ਫ਼ਾ 1 ਦਾ ਬਾਕੀ...

ਪੰਜਾਬ ਦੀ ਖਰੜਾ...

ਨੂੰ ਨਾਮਜ਼ਦਗੀ ਦਾ ਐਲਾਨ ਕੀਤਾ ਸੀ ਤਾਂ ਉਸ ਵਕਤ ਪੰਜਾਬ 'ਚ ਸਿਆਸੀ ਹਿਲਜੁਲ ਹੋਈ ਸੀ ਕਿ ਪੰਜਾਬ ਤੋਂ ਬਾਹਰ ਦੇ ਬਾਸ਼ਿੰਦੇ ਨੂੰ ਰਾਜ ਸਭਾ ਦੀ ਟਿਕਟ ਦਿੱਤੀ ਗਈ ਹੈ। ਰਾਘਵ ਚੱਢਾ ਅਪਰੈਲ 2022 'ਚ ਪੰਜਾਬ ਤੋਂ ਰਾਜ ਸਭਾ ਮੈਂਬਰ ਬਣੇ ਸਨ। ਰਾਜ ਸਭਾ ਦੀ ਸਾਲ 2022 'ਚ ਨਾਮਜ਼ਦਗੀ ਮੌਕੇ ਚੋਣ ਕਮਿਸ਼ਨ ਕੋਲ ਦਾਇਰ ਕੀਤੇ ਹਲਫ਼ੀਆ ਬਿਆਨ ਮੁਤਾਬਿਕ ਰਾਘਵ ਚੱਢਾ ਦੀ ਦਿੱਲੀ ਦੇ ਵਿਧਾਨ ਸਭਾ ਹਲਕਾ ਰਜੇਂਦਰ ਨਗਰ 'ਚ ਸੀਰੀਅਲ ਨੰਬਰ 313, ਪਾਰਟ ਨੰਬਰ 52 ਤਹਿਤ ਵੋਟ ਬਣੀ ਹੋਈ ਸੀ। ਉਸ ਮਗਰੋਂ ਰਜੇਂਦਰ ਨਗਰ ਦਿੱਲੀ ਦੀ ਵੋਟਰ ਸੂਚੀ 'ਚ ਰਾਘਵ ਚੱਢਾ ਦਾ ਨਾਮ ਦਰਜ ਨਹੀਂ ਸੀ। ਸੂਤਰਾਂ ਅਨੁਸਾਰ ਰਾਘਵ ਚੱਢਾ ਨੇ ਦਿੱਲੀ ਤੋਂ ਆਪਣੀ ਵੋਟ ਕਟਾਉਣ ਮਗਰੋਂ ਨਵੀਂ ਵੋਟ ਪੰਜਾਬ 'ਚ ਬਣਾ ਲਈ ਸੀ। ਲੋਕ ਸਭਾ ਚੋਣਾਂ 2024 ਸਮੇਂ ਰਾਘਵ ਚੱਢਾ ਨੇ ਮੁਹਾਲੀ ਦੇ ਪਿੰਡ ਲਖਨੌਰ ਦੇ ਪੋਲਿੰਗ ਸਟੇਸ਼ਨ 'ਤੇ ਆਪਣੀ ਵੋਟ ਪਾਈ ਸੀ। ਹੁਣ ਦੇਖਣਾ ਹੋਵੇਗਾ ਕਿ ਕੀ ਰਾਘਵ ਚੱਢਾ ਦੀ ਦੇਸ਼ ਦਾ ਵੋਟਰ ਹੈ ਜਾਂ ਨਹੀਂ।

ਕੈਥਲ 'ਚ ਸਕੂਲ...

ਸਵੇਰੇ ਸਕੂਟਰ 'ਤੇ ਸਕੂਲ ਲਈ ਨਿਕਲੀਆਂ ਸਨ। ਜਜਗਨਵਨੀਤ ਕੌਰ 10ਵੀਂ ਜਮਾਤ 'ਚ ਪੜ੍ਹਦੀ ਸੀ, ਜਦਕਿ ਗੁਣਦੀਪ ਕੌਰ 9ਵੀਂ ਜਮਾਤ ਦੀ ਵਿਦਿਆਰਥਣ ਸੀ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਘਟਨਾ ਸਥਾਨ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਸੂਚਨਾ ਮਿਲਣ ਤੋਂ ਬਾਅਦ ਵਿਦਿਆਰਥਣਾਂ ਦੇ ਪਰਿਵਾਰ ਵਾਲੇ ਵੀ ਮੌਕੇ 'ਤੇ ਪਹੁੰਚੇ। ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਘਟਨਾ ਤੋਂ ਗੁੱਸੇ 'ਚ ਆਏ ਸਥਾਨਕ ਲੋਕਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਿਸ ਟੀਮ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅੱਗੇ ਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਫ਼ਰਾਰ ਟਰੱਕ ਚਾਲਕ ਦੀ ਪਛਾਣ ਕਰਕੇ ਉਸ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾ ਸਕੇ।

ਕਾਲੇ ਝੰਡੇ ਦਿਖਾਉਣ...

ਸਾਢੇ ਚਾਰ ਸਾਲਾਂ ਵਿੱਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨਾਲ ਇਹ ਸੰਦੇਸ਼ ਗਿਆ ਹੈ ਕਿ ਸਰਕਾਰ ਆਲੋਚਨਾ ਸੁਣਨ ਦੀ ਬਜਾਏ ਵਿਰੋਧੀਆਂ ਨੂੰ ਡਰਾਉਣ ਦਾ ਰਸਤਾ ਅਪਣਾ ਰਹੀ ਹੈ।

ਰੰਧਾਵਾ ਨੇ ਕਿਹਾ ਕਿ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੀ ਜਨਤਾ ਨੂੰ ਲਾਠੀ, ਗ੍ਰਿਫ਼ਤਾਰੀ ਅਤੇ ਧਮਕੀਆਂ ਨਾਲ ਚੁੱਪ ਨਹੀਂ ਕਰਵਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਰਕਾਰੀ ਮੁਲਾਜ਼ਮ ਮਹਿੰਗਾਈ ਭੱਤੇ ਅਤੇ ਹੋਰ ਲੰਬਿਤ ਹੱਕਾਂ ਲਈ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ, ਦੂਜੇ ਪਾਸੇ ਬੇਰੁਜ਼ਗਾਰ ਨੌਜਵਾਨ ਨੌਕਰੀਆਂ ਦੀ ਮੰਗ ਕਰਦਿਆਂ ਪੁਲਿਸ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਹਜ਼ਾਰਾਂ ਮੁਲਾਜ਼ਮ ਅਤੇ ਨੌਜਵਾਨ ਆਪਣੇ ਹੱਕਾਂ ਲਈ ਅੰਦੋਲਨ ਕਰ ਰਹੇ ਹਨ, ਪਰ ਸਰਕਾਰ ਉਨ੍ਹਾਂ ਦੀ ਆਵਾਜ਼ ਸੁਣਨ ਦੀ ਬਜਾਏ ਉਸ ਨੂੰ ਦਬਾਉਣ ਵਿੱਚ ਲੱਗੀ ਹੋਈ ਹੈ। ਰੰਧਾਵਾ ਨੇ ਕਿਹਾ ਕਿ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਇੱਥੋਂ ਦੇ ਲੋਕਾਂ ਦੀ ਆਵਾਜ਼ ਕਦੇ ਦਬਾਈ ਨਹੀਂ ਜਾ ਸਕੀ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਜਿੰਨਾ ਦਮਨ ਕਰੇਗੀ, ਜਨਤਾ ਉਤਨੀ ਹੀ ਮਜ਼ਬੂਤੀ ਨਾਲ ਆਪਣੇ ਲੋਕਤੰਤਰੀ ਹੱਕਾਂ ਦੀ ਰੱਖਿਆ ਲਈ ਖੜ੍ਹੀ ਹੋਵੇਗੀ।

ਦਿੱਲੀ ਦੇ ਸਾਬਕਾ ਮੰਤਰੀ...

ਅਦਾਲਤ ਨੇ 2 ਲੱਖ ਰੁਪਏ ਦੀਆਂ ਦੋ ਜ਼ਮਾਨਤਾਂ ਜਮ?ਹਾਂ ਕਰਵਾਉਣ ਦਾ ਵੀ ਹੁਕਮ ਦਿੱਤਾ। ਆਰੋਪ ਹਨ ਕਿ ਟੈਂਡਰ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਰਿਸ਼ਵਤਖੋਰੀ ਕੀਤੀ ਗਈ। ਸਤੇਂਦਰ ਜੈਨ ਪਹਿਲਾਂ ਵੀ ਜੇਲ੍ਹ ਕੱਟ ਚੁੱਕੇ ਹਨ। 54 ਨੇ ਉਨ੍ਹਾਂ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਉਸ ਸਮੇਂ ਹੋਈ, ਜਦੋਂ ਉਹ ਪੰਜਾਬ ਵਿੱਚ ਪਾਰਟੀ ਦੇ ਸੰਗਠਨ ਦਾ ਕੰਮ ਦੇਖ ਰਹੇ ਸਨ ਅਤੇ ਉਨ੍ਹਾਂ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਅਗਲੇ ਸਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਵੱਲੋਂ ਭਾਜਪਾ ਵਿਰੁੱਧ ਤਿੱਖੀ ਆਲੋਚਨਾ ਕੀਤੀ ਗਈ ਸੀ। ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਆਮ ਆਦਮੀ ਪਾਰਟੀ ਨੇ ਭਾਜਪਾ ਦੀ ਰਾਜਨੀਤਿਕ ਬਦਲਾਖੋਰੀ ਕਰਾਰ ਦਿੱਤਾ ਸੀ।ਆਪ ਨੇ ਆਰੋਪ ਲਗਾਇਆ ਸੀ ਕਿ ਉਨ੍ਹਾਂ ਨੂੰ ਪਹਿਲਾਂ ਵੀ ਝੂਠੇ ਮਾਮਲੇ ਵਿੱਚ ਫਸਾ ਕੇ ਜੇਲ੍ਹ ਭੇਜਿਆ ਗਿਆ ਸੀ, ਅਤੇ ਜਦੋਂ ਉਹ ਪੰਜਾਬ ਵਿੱਚ ਸਗੰਠਨ ਦਾ ਕੰਮ ਦੇਖ ਰਹੇ ਸਨ ਤਾਂ ਮੁੜ ਤੋਂ ਉਹੀ ਕਹਾਣੀ ਦੁਹਰਾਈ ਗਈ।ਆਪ ਨੇ ਦਾਅਵਾ ਕੀਤਾ ਸੀ ਕਿਸੱਚ ਨੂੰ ਹਮੇਸ਼ਾ ਲਈ ਦਬਾਇਆ ਨਹੀਂ ਜਾ ਸਕਦਾ।

ਇਹ ਲੜਾਈ ਸਿਰਫ਼ ਸਤੇਂਦਰ ਜੈਨ ਦੀ ਨਹੀਂ ਹੈ। ਇਹ ਹਰ ਉਸ ਵਿਅਕਤੀ ਦੀ ਲੜਾਈ ਹੈ ਜੋ ਸੱਤਾ ਦੀ ਦੁਰਵਰਤੋਂ ਖਿਲਾਫ ਖੜ੍ਹਾ ਹੈ ਅਤੇ ਆਮ ਆਦਮੀ ਪਾਰਟੀ ਪੂਰੀ ਤਾਕਤ ਨਾਲ ਉਨ੍ਹਾਂ ਦੇ ਨਾਲ ਖੜ੍ਹੀ ਹੈ।

ਜੰਜੂਆ ਓਵਰਸੀਜ਼ ਲਿਮਟਿਡ ਨੂੰ ਬੋਨਸ ਸ਼ੇਅਰ ਜਾਰੀ ਕਰਨ ਲਈ ਬੰਬੇ ਸਟਾਕ ਐਸਕਚੇਂਜ ਤੋਂ ਮਿਲੀ ਮੰਜੂਰੀ

ਐਸ.ਏ.ਐਸ. ਨਗਰ, 3 ਸਤੰਬਰ (ਪੈ.ਗਾਮ-ਏ-ਜਗਤ)

ਭਾਰਤੀ ਸ਼ੇਅਰ ਬਾਜ਼ਾਰ ਬੀ ਐਸ ਈ ਵਿੱਚ ਕਾਰੋਬਾਰ ਕਰਨ ਵਾਲੀ ਮੁਹਾਲੀ ਦੀ ਕੰਪਨੀ ਜੰਜੂਆ ਓਵਰਸੀਜ਼ ਲਿਮਟਿਡ ਨੂੰ ਬੀਐਸ ਈ ਵਲੋਂ ਸੇਬੀ (ਲਿਸਟਿੰਗ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਲੋੜਾਂ) ਨਿਯਮਾਵਲੀ, 2015 ਦੇ ਨਿਯਮ 28(1) ਦੇ ਤਹਿਤ ਪ੍ਰਸਤਾਵਿਤ ਬੋਨਸ ਇਕੁਇਟੀ ਸ਼ੇਅਰ ਜਾਰੀ ਕਰਨ ਦੀ ਮੰਜੂਰੀ ਦੇ ਦਿੱਤੀ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੰਪਨੀ ਦੇ ਡਾਇਰੈਕਟਰ ਹਰਮਨਪ੍ਰੀਤ ਸਿੰਘ ਜੰਜੂਆਂ ਨੇ ਦੱਸਿਆ ਕਿ ਕੰਪਨੀ ਵਲੋਂ ਕੰਪਨੀ ਵਿੱਚ ਮੌਜੂਦ ਹਰੇਕ 24 ਇਕੁਇਟੀ ਸ਼ੇਅਰਾਂ ਦੇ ਬਦਲੇ 7 (ਸੱਤ) ਨਵੇਂ ਇਕੁਇਟੀ ਸ਼ੇਅਰਾਂ ਦੇ ਅਨੁਪਾਤ ਵਿੱਚ, 10/- ਰੁਪਏ ਪ੍ਰਤੀ ਸ਼ੇਅਰ ਦੀ ਕੀਮਤ ਵਾਲੇ ਕੁਲ 79,55,966 ਇਕੁਇਟੀ ਸ਼ੇਅਰ ਜਾਰੀ ਕੀਤੇ ਜਾਣੇ ਹਨ ਜਿਸਦੀ ਰਿਮਾਰਡ ਡੇਟ 4 ਸਤੰਬਰ ਰੱਖੀ ਗਈ ਹੈ। ਉਹਨਾਂ ਦੱਸਿਆ ਕਿ ਬੀ ਐਸ ਈ ਦੇ ਡਿਪਟੀ ਮੈਨੇਜਰ ਸਹਾਨਾ ਸ਼ੈਟੀ ਨੇ ਵਲੋਂ ਕੰਪਨੀ ਨੂੰ ਲਿਖੇ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਸੇਬੀ (ਲਿਸਟਿੰਗ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਲੋੜਾਂ) ਨਿਯਮਾਵਲੀ, 2015 ਦੇ ਨਿਯਮ 28(1) ਦੇ ਤਹਿਤ ਸ਼ੇਅਰਧਾਰਕਾਂ ਨੂੰ ਪ੍ਰਸਤਾਵਿਤ ਬੋਨਸ ਇਕੁਇਟੀ ਸ਼ੇਅਰ ਜਾਰੀ ਕਰਨ ਅਤੇ ਅਲਾਟ ਕਰਨ ਲਈ ਸਿਧਾਂਤਕ ਮਨਜ਼ੂਰੀ ਸੰਬੰਧੀ ਅਰਜ਼ੀ ਪ੍ਰਾਪਤ ਹੋ ਗਈ ਹੈ। ਇਸ ਸੰਬੰਧ ਵਿੱਚ, ਐਕਸਚੇਂਜ ਵਲੋਂ ਕੰਪਨੀ ਵਿੱਚ ਮੌਜੂਦ ਹਰੇਕ 24 ਇਕੁਇਟੀ ਸ਼ੇਅਰਾਂ ਦੇ ਬਦਲੇ 7 (ਸੱਤ) ਨਵੇਂ ਇਕੁਇਟੀ ਸ਼ੇਅਰਾਂ ਦੇ ਅਨੁਪਾਤ ਵਿੱਚ, 10/- ਰੁਪਏ ਪ੍ਰਤੀ ਸ਼ੇਅਰ ਦੀ ਕੀਮਤ ਵਾਲੇ ਵੱਧ ਤੋਂ ਵੱਧ 79,55,966 ਇਕੁਇਟੀ ਸ਼ੇਅਰਾਂ ਨੂੰ ਜਾਰੀ ਕਰਨ ਅਤੇ ਪ੍ਰਸਤਾਵਿਤ ਅਲਾਟਮੈਂਟ ਲਈ ਸਿਧਾਂਤਕ ਮਨਜ਼ੂਰੀ ਦਿੱਤੀ ਜਾਂਦੀ ਹੈ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੰਪਨੀ ਦੀਆਂ ਸ਼ਰਤਾਂ ਅਨੁਸਾਰ ਅਲਾਟ ਕੀਤੇ ਜਾਣ ਵਾਲੇ ਨਵੇਂ ਸ਼ੇਅਰਾਂ ਲਈ ਲਿਸਟਿੰਗ ਅਰਜ਼ੀ ਫਾਰਮ ਅਤੇ ਬੀ ਐਸ ਈ ਲਿਮਟਿਡ ਦੀ ਵੈਬਸਾਈਟ ਤੇ ਉਪਲਬਧ ਫਾਰਮੈਟ ਅਨੁਸਾਰ ਦਸਤਾਵੇਜ਼ ਜਮ੍ਹਾਂ ਕਰਵਾਏ ਜਾਣ ਅਤੇ ਵਧੀ ਹੋਈ ਪੂੰਜੀ ਤੇ ਵਾਧੂ ਲਿਸਟਿੰਗ ਫੀਸ ਦਾ ਭੁਗਤਾਨ (ਜੇ ਲਾਗੂ ਹੋਵੇ) ਕੀਤਾ ਜਾਵੇ। ਉਹਨਾਂ ਦੱਸਿਆ ਕਿ ਇਕੁਇਟੀ ਸ਼ੇਅਰਾਂ ਦੀ ਅਲਾਟਮੈਂਟ ਸਿਰਫ਼ ਡੀਮੈਟੀਰੀਅਲਾਈਜ਼ਡ (ਇਲੈਕਟ੍ਰਾਨਿਕ) ਰੂਪ ਵਿੱਚ ਹੀ ਕੀਤੀ ਜਾਵੇਗੀ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਰਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

650ਵਾਂ ਪ੍ਰਕਾਸ਼ ਪੁਰਬ ਗੁਰੂ ਰਵਿਦਾਸ ਜੀ ਦੀ ਸੋਚ 'ਤੇ ਅਧਾਰਿਤ 'ਬੇਗਮਪੁਰਾ' ਰਾਜ ਕਾਇਮ ਕਰਕੇ ਮਨਾਇਆ ਜਾਵੇਗਾ : ਡਾ. ਅਵਤਾਰ ਸਿੰਘ ਕਰੀਮਪੁਰੀ

ਕਿਹਾ-ਪੰਜਾਬ ਦੀ ਆਪ 'ਤੇ ਕੇਂਦਰ ਦੀ ਭਾਜਪਾ ਸਰਕਾਰ ਦਾ ਗੁਰੂ ਰਵਿਦਾਸ ਵਿਰੋਧੀ ਚਿਹਰਾ ਹੋਇਆ ਨੰਗਾ

ਪੈ.ਗਾਮ-ਏ-ਜਗਤ/ਨਵਾਂਸ਼ਹਿਰ 3 ਸਤੰਬਰ (ਗੁਰਬਖਸ਼ ਸਿੰਘ ਮਹੇ)

ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਅੱਜ ਸਾਥੀਆਂ ਸਮੇਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਚਰਨਛੋਹ ਗੰਗਾ ਅੰਮ੍ਰਿਤਕੁੰਡ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਆਖਿਆ ਕਿ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਪ ਸਰਕਾਰ ਦੋਨੋਂ ਆਦਿ ਧਰਮੀ ਸਮਾਜ ਦੀਆਂ ਵੋਟਾਂ ਬਟੋਰਨ ਲਈ ਆਏ ਦਿਨ ਨਵੇਂ ਹੱਥਕੰਡੇ ਅਪਣਾਅ ਰਹੀਆਂ ਹਨ ਜਦਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅਪਣਾਉਣ ਵਾਲੇ ਲੋਕ ਹੁਣ ਇਨ੍ਹਾਂ ਦੀਆਂ ਲੂੰਬੜ ਚਾਲਾਂ ਤੋਂ ਭਲੀਭਾਂਤ ਜਾਣੂੰ ਹਨ।

ਪੰਜਾਬ ਦਾ ਦਲਿਤ ਵਰਗ ਹੁਣ ਇਨ੍ਹਾਂ ਦੇ ਕਿਸੇ ਵੀ ਝਾਂਸੇ ਵਿਚ ਨਹੀਂ ਆਵੇਗਾ। ਉਨ੍ਹਾਂ ਆਖਿਆ ਕਿ ਆਪ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਤੇ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਵੀ ਇਕ ਲੋਕਾਂ ਨੂੰ ਝਾਂਸੇ 'ਚ ਲੈਣ ਦਾ ਅਡੰਬਰ ਰਚਿਆ ਹੈ



ਜਦਕਿ ਆਪ ਵਾਲੇ ਦੱਸਣ ਉਨ੍ਹਾਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਤੇ ਸੰਗਤ ਦੀ ਸਹੂਲਤ ਲਈ ਕੀਤਾ ਕੀ ਹੈ ? ਸਾਰੇ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੀ ਦਲਿਤ ਵੋਟ ਬੈਂਕ ਤੇ ਡੂੰਘੀ ਸੱਟ ਮਾਰਨ ਦੇ ਰੌਅ 'ਚ ਹੈ ਪਰ ਉਸ ਦਾ ਵੀ ਇਹ ਭੁਲੇਖਾ ਮੰਨ ਵਿਚ ਹੀ ਰਹਿ ਜਾਵੇਗਾ ਕਿਉਂਕਿ ਦਲਿਤ ਸਮਾਜ ਹੁਣ ਨਾ ਵਿਕਣ ਵਾਲਾ ਸਮਾਜ ਤਿਆਰ ਹੋ ਚੁੱਕਾ ਹੈ।

ਬਸਪਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਮੁਹਿੰਮ ਦੌਰਾਨ ਉਨ੍ਹਾਂ ਦੀ ਪਾਰਟੀ ਵਲੋਂ ਦਿੱਲੀ ਤੋਂ ਲੈ ਕੇ ਪੰਜਾਬ ਦੇ ਕੋਨੇ ਕੋਨੇ ਤੱਕ ਪਰਾਧੀਨਤਾ ਦਾ ਅੰਤ ਅਤੇ ਬੇਗਮਪੁਰਾ ਦਾ ਸੰਕਲਪ ਸਬੰਧੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ 'ਚ ਪ੍ਰਚਾਰ ਦੇ ਰੂਪ 'ਚ ਲਾਮਬੰਦੀ ਕੀਤੀ ਜਾ ਰਹੀ ਹੈ।

ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿਚ 2027 ਦੌਰਾਨ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਹਰ ਤਰ੍ਹਾਂ ਦੀ ਗੁਲਾਮੀ ਅਤੇ ਨਾ-ਬਰਾਬਰੀ ਦਾ ਖਾਤਮਾ ਕਰਕੇ ਬਸਪਾ ਦੀ ਸਰਕਾਰ (ਬੇਗਮਪੁਰਾ ਰਾਜ) ਬਣਾ ਕੇ ਮਨਾਇਆ ਜਾਵੇਗਾ ਡਾ. ਕਰੀਮਪੁਰੀ ਨੇ ਵਿਰੋਧੀ ਧਿਰਾਂ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਭਾਜਪਾ ਵੱਲੋਂ ਦਿੱਲੀ ਦੇ ਤੁਗਲਕਾਬਾਦ ਵਿਖੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨੂੰ ਢਹਿ-ਢੇਰੀ ਕਰਨਾ, ਰੋਸ ਪ੍ਰਦਰਸ਼ਨ ਕਰ ਰਹੀਆਂ ਸੰਗਤਾਂ 'ਤੇ ਹੰਝੂ ਗੈਸ ਛੱਡਣਾ, ਲਾਠੀਚਾਰਜ ਕਰਨਾ ਅਤੇ ਝੂਠੇ ਪਰਚੇ ਦਰਜ ਕਰਨਾ ਭਾਜਪਾ ਦੇ ਦੋਹਰੇ ਚਰਿੱਤਰ ਨੂੰ ਜੱਗ-ਜ਼ਾਹਿਰ ਕਰਦਾ ਹੈ, ਉਨ੍ਹਾਂ ਅੱਗੇ ਕਿਹਾ ਕਿ ਇਸੇ ਤਰ੍ਹਾਂ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਜਲੰਧਰ ਜ਼ਿਲ੍ਹੇ ਦੇ ਪਿੰਡ ਧਲੇਤਾ ਵਿਚ ਗੁਰੂ ਰਵਿਦਾਸ ਗੁਰੂ ਘਰ ਨੂੰ ਢਾਹੁਣਾ ਅਤੇ ਗੁਰੂ-ਘਰ ਦੀਆਂ ਸੰਗਤਾਂ, ਮਾਵਾਂ, ਧੀਆਂ ਤੇ ਭੈਣਾਂ ਨੂੰ ਪੁਲਿਸ ਵੱਲੋਂ ਧੂਹ-ਘਸੀਟ ਕੇ ਥਾਣਿਆਂ ਵਿਚ ਬੰਦ ਕਰਨਾ 'ਆਪ' ਸਰਕਾਰ ਦੇ ਗੁਰੂ-ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ, ਬਸਪਾ ਸੂਬਾ ਪ੍ਰਧਾਨ ਨੇ ਦੁਹਰਾਇਆ ਕਿ ਬਹੁਜਨ ਸਮਾਜ ਪਾਰਟੀ ਗੁਰੂ ਸਾਹਿਬ ਦੇ ਸਨਮਾਨ ਦੀ ਲੜਾਈ ਨਿਰੰਤਰ ਲੜਦੀ ਰਹੀ ਹੈ ਅਤੇ ਅੱਗੇ ਵੀ ਲੜਦੀ ਰਹੇਗੀ। ਪਾਰਟੀ ਗੁਰੂ ਸਾਹਿਬ ਦੀ ਸੋਚ 'ਤੇ ਅਧਾਰਿਤ 'ਬੇਗਮਪੁਰਾ' ਸਮਾਜ ਦੀ ਸਥਾਪਨਾ ਲਈ ਸੰਗਤਾਂ ਨੂੰ ਇੱਕਜੁੱਟ ਕਰੇਗੀ ਅਤੇ ਪਿੰਡ-ਪਿੰਡ ਸਮਾਗਮ ਉਲੀਕ ਕੇ ਜਾਗਰੂਕਤਾ ਮੁਹਿੰਮ ਨੂੰ ਹੋਰ ਪ੍ਰਚੰਡ ਕਰੇਗੀ।

ਇਸ ਮੌਕੇ ਤੇ ਡਾ:ਕਰੀਮਪੁਰੀ ਅਤੇ ਸਾਥੀਆਂ ਨੂੰ ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਅਤੇ ਸਵਾਗਤੀ ਕਮੇਟੀ ਦੇ ਮੁਖੀ ਜਗਦੀਸ਼ ਕੁਮਾਰ ਵਲੋਂ ਸਨਮਾਨਿਤ ਵੀ ਕੀਤਾ ਗਿਆ, ਇਸ ਮੌਕੇ ਤੇ ਉਨ੍ਹਾਂ ਨਾਲ ਬਲਵਿੰਦਰ ਬਿੱਟਾ ਲੁਧਿਆਣਾ ਜਨਰਲ ਸਕੱਤਰ ਪੰਜਾਬ, ਸੰਤ ਦਿਆਲ ਚੰਦ ਬੰਗਾ, ਟਿੰਕੂ ਅਡੋਨ ਅਤੇ ਕੁਝ ਹੋਰ ਆਗੂ ਵੀ ਹਾਜ਼ਰ ਸਨ।

ਵਿਦਿਆਰਥੀਆਂ ਅਤੇ ਸਟਾਫ ਨਾਲ ਸਾਂਝ ਕਰਦੇ ਹੋਏ ਟ੍ਰੈਫਿਕ ਨਿਯਮਾਂ ਅਤੇ ਅਨੁਸ਼ਾਸਨ ਵਿੱਚ ਵਿਦਿਆਰਥੀਆਂ ਨੂੰ ਰਹਿਣ ਲਈ ਪ੍ਰੇਰਿਆ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਅੱਜ ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ- 119 ਵੱਲੋਂ 19ਵੇਂ ਫਾਂਉਡੇਸ਼ਨ ਡੇ ਦੇ ਮੌਕੇ ਤੇ ਦੇਸ਼ ਭਰ ਵਿੱਚ ਮਨਾਏ ਜਾ ਰਹੇ ਸਪਤਾਹ ਨੂੰ ਵਿੱਚ ਟ੍ਰੈਫਿਕ ਜਾਗਰੂਕਤਾ ਨੂੰ ਮੁੱਖ ਰੱਖਦੇ ਹੋਏ ਇੱਕ ਪ੍ਰੋਗਰਾਮ ਸਥਾਨਕ ਸਕੂਲ ਆਫ ਐਨੀਮੈਂਸ ਪੁਰਹੀਰਾਂ ਵਿਖੇ ਪ੍ਰਿੰਸੀਪਲ ਰਮਨਦੀਪ ਕੌਰ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਾਬਕਾ ਐਮ.ਪੀ. ਅਵੀਨਾਸ਼ ਰਾਏ ਖੰਨਾ ਅਤੇ ਸਨਮਾਨਿਤ ਮਹਿਮਾਨ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸੈਕੇਂਡ ਵਾਇਸ ਪ੍ਰੈਜੀਡੈਂਟ ਐਲੀ. ਅਸ਼ੋਕ ਪੁਰੀ ਸਨ। ਇਸ ਪ੍ਰੋਗਰਾਮ ਦੇ ਚੇਅਰਮੈਨ ਐਲੀ. ਰਮੇਸ਼ ਕੁਮਾਰ ਅਤੇ ਲੈਕਚਰਾਰ ਪ੍ਰੀਤੀ ਸੈਨੀ, ਕਮਲਜੀਤ ਕੌਰ ਅਤੇ ਮੈਡਮ ਸੁਪ੍ਰਿਆ ਬਹਿਲ ਸਨ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਲੈਕਚਰਾਰ



ਹਰਜਿੰਦਰ ਸਿੰਘ ਨੇ ਨਿਭਾਈ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਮੁੱਖ ਮਹਿਮਾਨ ਨੂੰ ਜੀ ਆਇਆ ਨੂੰ ਕਹਿਣ ਉਪਰੰਤ ਐਲੀ. ਅਸ਼ੋਕ ਪੁਰੀ ਨੇ ਟ੍ਰੈਫਿਕ ਜਾਗਰੂਕਤਾ ਲਈ ਵਿਦਿਆਰਥੀਆਂ ਨਾਲ ਪ੍ਰਸ਼ਨਉੱਤਰੀ ਕੀਤੀ ਜਿਸ ਨਾਲ ਬੱਚਿਆ ਵਿੱਚ ਟ੍ਰੈਫਿਕ ਨਿਯਮਾਂ ਦੇ ਗਿਆਨ ਅਤੇ ਹਾਜ਼ਰ ਜਵਾਬੀ ਨੂੰ ਮੁੱਖ ਰੱਖਦੇ ਹੋਏ +2 ਦੇ ਵਿਦਿਆਰਥੀ ਮਨਦੀਪ ਕੁਮਾਰ, ਤਨਵੀਰ ਸਿੰਘ, +1 ਦੀ ਜੈਸਮੀਨ ਕੌਰ, 7ਵੀਂ ਕਲਾਸ ਦੇ ਗੌਰਵ ਕੁਮਾਰ ਭੱਟੀ ਅਯਾਨ ਲੋਹੀਆ ਅਤੇ ਰਕੇਸ਼ ਕੁਮਾਰ ਨੂੰ ਮੁੱਖ ਮਹਿਮਾਨ ਖੰਨਾ ਜੀ ਨੇ ਟ੍ਰਾਫੀਆ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਤੇ ਮੁੱਖ ਮਹਿਮਾਨ ਨੇ ਵਿਦਿਆਰਥੀਆਂ ਅਤੇ ਸਟਾਫ ਨਾਲ ਸਾਂਝ ਕਰਦੇ ਹੋਏ ਟ੍ਰੈਫਿਕ ਨਿਯਮਾਂ ਅਤੇ ਅਨੁਸ਼ਾਸਨ ਵਿੱਚ ਵਿਦਿਆਰਥੀਆਂ ਨੂੰ ਰਹਿਣ ਲਈ ਪ੍ਰੇਰਿਆ ਉਹਨਾਂ ਨੇ ਵਿਦੇਸ਼ਾਂ ਵਿੱਚ ਟ੍ਰੈਫਿਕ ਨਿਯਮ ਅਤੇ ਉਹਨਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਮਨੁੱਖੀ ਕਿਰਦਾਰ ਉੱਪਰ ਨਿਰਭਰ ਹੋਣ ਦਾ ਦੱਸਿਆ । ਉਹਨਾਂ ਕਿਹਾ ਕਿ ਜਿਸ ਦੇਸ਼ ਦੇ ਵਿਦਿਆਰਥੀ ਕਾਨੂੰਨ ਦੀ ਪਾਲਣਾ ਅਤੇ ਮਨੁੱਖੀ ਕਦਰਾਂ ਕੀਮਤਾਂ ਪਹਿਚਾਣਦੇ ਹਨ, ਉਹ ਇੱਕ ਦਿਨ ਵਿਸ਼ਵ ਗੁਰੂ ਜ਼ਰੂਰ ਬਣੇਗਾ । ਉਹਨਾਂ ਅਲਾਇੰਸ ਕਲੱਬ ਦੇ ਇਸ ਉਪਰਾਲੇ ਲਈ ਐਲੀ. ਰਮੇਸ਼ ਕੁਮਾਰ ਅਤੇ ਐਲੀ. ਅਸ਼ੋਕ ਪੁਰੀ ਨੂੰ ਮੁਬਾਰਕਬਾਦ ਦਿੱਤੀ । ਇਸ ਮੌਕੇ ਤੇ ਅਲਾਇੰਸ ਕਲੱਬ ਵੱਲੋਂ ਨੋ ਚਲਾਨ ਕਰੋ ਧਿਆਨ ਫਿਲਮ ਜਿਸ ਦੇ ਲੇਖਕ ਅਵੀਨਾਸ਼ ਰਾਏ ਖੰਨਾ ਅਤੇ ਕਲਾਕਾਰ ਨਿਰਦੇਸ਼ਕ ਅਸ਼ੋਕ ਪੁਰੀ ਹਨ ਦੇ ਮੁੱਖ ਕਿਰਦਾਰ ਜਰਨੈਲ ਸਿੰਘ (ਮਹੇਸ਼ ਕੁਮਾਰ) ਦੇ ਨਾਲ ਸਕੂਲ ਦੇ ਹਾਊਸ ਸਰਦਾਰ ਭਗਤ ਸਿੰਘ ਸਮੂਹ ਮੈਂਬਰ ਮੈਡਮ ਰਵਿੰਦਰ ਕੌਰ, ਮੈਡਮ ਬਲਵੀਰ ਕੌਰ, ਮਾਸਟਰ ਹਰਜਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਅਤੇ ਸਟਾਫ ਵੱਲੋਂ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ, ਸਨਮਾਨਿਤ ਮਹਿਮਾਨ ਐਲੀ.ਅਸ਼ੋਕ ਪੁਰੀ, ਪ੍ਰੋਜੈਕਟ ਚੇਅਰਮੈਨ ਐਲੀ. ਰਮੇਸ਼ ਕੁਮਾਰ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਹਲਕਾ ਵਾਸੀਆਂ ਨੂੰ ਮਿਲਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਮੇਰੀ ਜ਼ਿੰਮੇਵਾਰੀ ਦਾ ਅਹਿਮ ਹਿੱਸਾ ਹੈ: ਡਾ. ਇਸ਼ਾਂਕ ਕੁਮਾਰ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੇ ਦਫ਼ਤਰ ਅਤੇ ਰਿਹਾਇਸ਼ 'ਤੇ ਰੋਜ਼ਾਨਾ ਉਹਨਾਂ ਦੇ ਹਲਕਾ ਵਾਸੀਆਂ ਦਾ ਵੱਡਾ ਇਕੱਠ ਵੇਖਣ ਨੂੰ ਮਿਲਦਾ ਹੈ। ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਆਪਣੀਆਂ ਸਮੱਸਿਆਵਾਂ ਅਤੇ ਮਸਲਿਆਂ ਨੂੰ ਲੈ ਕੇ ਉਹਨਾਂ ਕੋਲ ਪਹੁੰਚਦੇ ਹਨ। ਰੋਜ਼ਾਨਾ ਲੋਕਾਂ ਦੀ ਭਾਰੀ ਆਮਦ ਦੇ ਬਾਵਜੂਦ ਵਿਧਾਇਕ ਡਾ. ਇਸ਼ਾਂਕ ਕੁਮਾਰ ਹਰ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਸਮਾਂ ਦਿੰਦੇ ਹਨ, ਪੂਰੀ ਤਵੱਜੋ ਨਾਲ ਸੁਣਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਦੇ ਯਤਨ ਕਰਦੇ ਹਨ।



ਇਸ ਬਾਬਤ ਵਿਧਾਇਕ ਦਾ ਕਹਿਣਾ ਹੈ ਕਿ ਲੋਕਾਂ ਵੱਲੋਂ ਉਨ੍ਹਾਂ 'ਤੇ ਕੀਤਾ ਗਿਆ ਵਿਸ਼ਵਾਸ ਉਨ੍ਹਾਂ ਲਈ ਸਿਰਫ਼ ਮਾਣ ਦੀ ਗੱਲ ਨਹੀਂ, ਸਗੋਂ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਕਿਹਾ ਕਿ ਲੋਕ ਜਦੋਂ ਬੜੀ ਆਸ ਦੇ ਨਾਲ ਆਪਣੀਆਂ ਸਮੱਸਿਆਵਾਂ ਅਤੇ ਉਮੀਦਾਂ ਲੈ ਕੇ ਉਨ੍ਹਾਂ ਕੋਲ ਆਉਂਦੇ ਹਨ ਤਾਂ ਉਨ੍ਹਾਂ ਦੀ ਗੱਲ ਸੁਣਨਾ ਅਤੇ ਸਮੱਸਿਆ ਦੇ ਹੱਲ ਲਈ ਹਰ ਸੰਭਵ ਯਤਨ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਰਹਿੰਦੀ ਹੈ। ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਲੋਕਾਂ ਵੱਲੋਂ ਜ਼ਮੀਨੀ ਪੱਧਰ ਨਾਲ ਸਬੰਧਤ ਵੱਖ-ਵੱਖ ਮਸਲੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੇ ਜਾਂਦੇ ਹਨ। ਇਨ੍ਹਾਂ ਵਿੱਚ ਨਿੱਜੀ ਅਤੇ ਸਮਾਜਿਕ ਸਮੱਸਿਆਵਾਂ ਤੋਂ ਇਲਾਵਾ ਵੱਖ-ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਮਾਮਲੇ ਵੀ ਸ਼ਾਮਲ ਹੁੰਦੇ ਹਨ। ਅਜਿਹੇ ਮਾਮਲਿਆਂ ਵਿੱਚ ਉਹ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਲੋਕਾਂ ਨੂੰ ਰਾਹਤ ਦਿਵਾਉਣ ਅਤੇ ਸਮੱਸਿਆਵਾਂ ਦੇ ਜਲਦ ਹੱਲ ਲਈ ਯਤਨ ਕਰਦੇ ਹਨ।

ਇਥੇ ਜ਼ਿਕਰਯੋਗ ਹੈ ਕਿ ਇਸ ਸਬੰਧੀ ਚੱਬੇਵਾਲ ਹਲਕੇ ਦੇ ਨਿਵਾਸੀਆਂ ਵਿਚ ਆਪਣੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੀ ਬਹੁਤ ਵਧੀਆ ਸਾਖ ਹੈ ਉਹਨਾਂ ਦੀ ਲੋਕਪ੍ਰਿਯਤਾ ਅਤੇ ਭਰੋਸੇਯੋਗਤਾ ਲੋਕਾਂ ਦੇ ਵਿਵਹਾਰ ਵਿਚ ਸਾਫ ਨਜ਼ਰ ਆਉਂਦੀ ਹੈ, ਡਾ ਇਸ਼ਾਂਕ ਸਮਝਦੇ ਹਨ ਕਿ ਜਨਤਾ ਦੇ ਨੁਮਾਇੰਦੇ ਵਜੋਂ ਲੋਕਾਂ ਨਾਲ ਲਗਾਤਾਰ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ।

ਉਹਨਾਂ ਦਾ ਮੰਨਣਾ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਸਮਝਣ ਅਤੇ ਉਨ੍ਹਾਂ ਦੇ ਹੱਲ ਲਈ ਲਗਾਤਾਰ ਕੋਸ਼ਿਸ਼ ਕਰਨ ਨਾਲ ਹੀ ਜਨ ਸੇਵਾ ਦੇ ਅਸਲ ਮਕਸਦ ਨੂੰ ਪੂਰਾ ਕੀਤਾ ਜਾ ਸਕਦਾ ਹੈ। ਆਪਣੀ ਇਸ ਸੋਚ ਨਾਲ ਹੀ ਉਹ ਹਲਕਾ ਵਾਸੀਆਂ ਵਿਚ ਆਪਣੀ ਸਕਾਰਾਤਮਕ ਛਵੀ ਬਣਾਉਣ ਵਿਚ ਕਾਮਯਾਬ ਹੋਏ ਹਨ।

ਖ਼ਾਲਸਾ ਕਾਲਜ 'ਚ ਟੇਲੈਂਟ ਹੰਟ ਪ੍ਰੋਗਰਾਮ ਕਰਵਾਇਆ

ਪੈ.ਗਾਮ-ਏ-ਜਗਤ ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪਿ?ਰੰਸੀਪਲ ਅਮਨਦੀਪ ਹੀਰਾ ਦੀ ਅਗਵਾਈ ਹੇਠ 'ਟੇਲੈਂਟ ਹੰਟ' ਪ੍ਰੋਗਰਾਮ ਕਰਵਾਇਆ ਗਿਆ।







ਪ੍ਰੋਗਰਾਮ ਦੌਰਾਨ ਪ੍ਰੋ. ਲਖਵਿੰਦਰਜੀਤ ਕੌਰ ਨੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਣ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪ੍ਰੋਗਰਾਮ ਵਿਚ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿਚ ਉਤਸ਼ਾਹ ਨਾਲ ਹਿੱਸਾ ਲਿਆ। ਵਿਦਿਆਰਥੀ ਸਨਮ ਵਲੋਂ ਸ਼ਬਦ ਗਾਇਨ, ਮਹਿਕ, ਲਵਪ੍ਰੀਤ, ਅੰਮ੍ਰਿਤ ਅਤੇ ਰਾਇਨਾ ਵਲੋਂ ਗੀਤ ਗਾਇਨ, ਲਕਸ਼ਦੀਪ ਅਤੇ ਅੰਜਲੀ ਕੌਰ ਵਲੋਂ ਕਾਵਿ ਉਚਾਰਨ, ਪ੍ਰਿੰਸਪ੍ਰੀਤ ਵਲੋਂ ਭਾਸ਼ਣ, ਰਾਇਨਾ ਭੱਲਾ ਅਤੇ ਸਾਨੀਆ ਵਲੋਂ ਵਾਦ-ਵਿਵਾਦ, ਬਬਲੀਨ ਕੌਰ, ਸੁਖਮਨੀ ਅਤੇ ਹਰਮਨਦੀਪ ਕੌਰ ਵਲੋਂ ਮੁਹਾਵਰੇਦਾਰ ਵਾਰਤਾਲਾਪ, ਮਾਨਵੀ ਅਤੇ ਮਹਿਕ ਵਲੋਂ ਰਵਾਇਤੀ ਟੱਪੇ ਗਾਏ ਗਏ। ਵਿਦਿਆਰਥੀਆਂ ਦੀ ਭੰਗੜੇ ਅਤੇ ਗਿੱਧੇ ਦੀ ਪੇਸ਼ਕਾਰੀ ਵੀ ਬਾਕਮਾਲ ਰਹੀ। ਵਿਦਿਆਰਥੀਆਂ ਵਲੋਂ ਐਲੋਕੇਸ਼ਨ, ਸਟਿੱਲ ਲਾਈਫ, ਕਾਰਟੂਨਿੰਗ, ਪੋਸਟਰ ਮੇਕਿੰਗ, ਆਨ ਦਾ ਸਪਾਟ ਪੇਟਿੰਗ, ਕਲਾਜ ਅਤੇ ਇੰਸਟਾਲੇਸ਼ਨ, ਹੈਰੀਟੇਜ ਕੁਇਜ਼ਯ ਅਤੇ ਜਨਰਲ ਕੁਇਜ਼ ਵੀ ਹਿੱਸਾ ਲਿਆ। ਵਿਰਾਸਤੀ ਵੰਨਗੀਆਂ ਜਿਵੇਂ ਈਨੂੰ ਬਣਾਉਣਾ, ਖਿੱਦੋ ਬਣਾਉਣਾ, ਬਾਗ, ਫੁਲਕਾਰੀ, ਮਹਿੰਦੀ, ਪੀੜੀ ਬੁਣਨਾ, ਕਰੋਸ਼ੀਆ, ਮਿੱਟੀ ਦੇ ਖਿਡੌਣੇ ਵਿਚ ਵਿਦਿਆਰਥੀਆਂ ਨੇ ਦਿਲਚਸਪੀ ਦਿਖਾਈ। ਡਾ. ਮਨਬੀਰ ਕੌਰ ਨੇ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਡਾ. ਕੰਵਲਜੀਤ ਕੌਰ ਅਤੇ ਪ੍ਰੋ. ਸੌਰਵ ਦਾਦਰੀ ਨੇ ਚਲਾਈ।


ਸੀਐਚਸੀ ਬੀਨੇਵਾਲ ਵਿਖੇ ਨੇਤਰਦਾਨ ਤੇ ਦੇਹਦਾਨ ਜਾਗਰੂਕਤਾ ਕੈਂਪ, ਚਾਰ ਨੇ ਮਰਨ ਉਪਰੰਤ ਦੇਹਦਾਨ ਅਤੇ 10 ਨੇ ਨੇਤਰਦਾਨ ਦਾ ਲਿਆ ਸੰਕਲਪ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਨੇਤਰਦਾਨ ਅਤੇ ਦੇਹਦਾਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਸ ਮਹਾਨ ਮਾਨਵਤਾਵਾਦੀ ਕਾਰਜ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਰੋਟਰੀ ਆਈ ਬੈਂਕ ਅਤੇ ਕਾਰਨੀਆ ਟਰਾਂਸਪਲਾਂਟ ਸੋਸਾਇਟੀ ਵੱਲੋਂ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਬੀਨੇਵਾਲ ਵਿਖੇ

- **ਰੋਟਰੀ ਆਈ ਬੈਂਕ ਤੇ ਕਾਰਨੀਆ ਟਰਾਂਸਪਲਾਂਟ ਸੋਸਾਇਟੀ ਦੀ ਪਹਿਲ, ਲੋਕਾਂ ਨੂੰ ਕੀਤਾ ਗਿਆ ਜਾਗਰੂਕ**

ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ ਅਤੇ ਨੇਤਰਦਾਨ ਤੇ ਦੇਹਦਾਨ ਦੀ ਮਹੱਤਤਾ ਅਤੇ ਇਸ ਨਾਲ ਸਬੰਧਤ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ।



ਜਾਗਰੂਕਤਾ ਕੈਂਪ ਦੌਰਾਨ ਚਾਰ ਵਿਅਕਤੀਆਂ ਨੇ ਮਰਨ ਉਪਰੰਤ ਦੇਹਦਾਨ ਕਰਨ ਅਤੇ 10 ਵਿਅਕਤੀਆਂ ਨੇ ਨੇਤਰਦਾਨ ਕਰਨ ਲਈ ਫਾਰਮ ਭਰ ਕੇ ਆਪਣਾ ਸੰਕਲਪ ਪ੍ਰਗਟ ਕੀਤਾ। ਪ੍ਰਬੰਧਕਾਂ ਨੇ ਇਸ ਨੂੰ ਸਮਾਜ ਵਿੱਚ ਨੇਤਰਦਾਨ ਅਤੇ ਦੇਹਦਾਨ ਪ੍ਰਤੀ ਵੱਧ ਰਹੀ ਜਾਗਰੂਕਤਾ ਦਾ ਸਕਾਰਾਤਮਕ ਸੰਕੇਤ ਦੱਸਿਆ।

ਰੋਟਰੀ ਆਈ ਬੈਂਕ ਅਤੇ ਕਾਰਨੀਆ ਟਰਾਂਸਪਲਾਂਟ ਸੋਸਾਇਟੀ ਦੇ ਸੰਸਥਾਪਕ ਪ੍ਰਧਾਨ ਜੇ.ਬੀ. ਬਹਿਲ ਨੇ ਕਿਹਾ ਕਿ ਮਨੁੱਖੀ ਜੀਵਨ ਬਹੁਤ ਕੀਮਤੀ ਹੈ ਅਤੇ ਮੌਤ ਤੋਂ ਬਾਅਦ ਵੀ ਵਿਅਕਤੀ ਮਨੁੱਖਤਾ ਦੀ ਸੇਵਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਨੇਤਰਦਾਨ ਰਾਹੀਂ ਕਿਸੇ ਲੋੜਵੰਦ ਵਿਅਕਤੀ ਦੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਂਦੀ ਜਾ ਸਕਦੀ ਹੈ, ਜਦਕਿ ਦੇਹਦਾਨ ਮੈਡੀਕਲ ਸਿੱਖਿਆ ਅਤੇ ਵਿਗਿਆਨਕ ਖੋਜ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਉਨ੍ਹਾਂ ਕਿਹਾ ਕਿ ਨੇਤਰਦਾਨ ਸਿਰਫ਼ ਇੱਕ ਦਾਨ ਨਹੀਂ, ਸਗੋਂ ਕਿਸੇ ਦੀ ਹਨੇਰੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਉਣ ਦਾ ਮਾਧਿਅਮ ਹੈ। ਜਦੋਂ ਕੋਈ ਵਿਅਕਤੀ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਦਾ ਹੈ ਤਾਂ ਉਹ ਕਿਸੇ ਲੋੜਵੰਦ ਨੂੰ ਦੁਨੀਆ ਦੇਖਣ ਦਾ ਮੌਕਾ ਦੇ ਸਕਦਾ ਹੈ। ਇਹ ਅਜਿਹਾ ਮਹਾਨ ਕਾਰਜ ਹੈ, ਜਿਸ ਰਾਹੀਂ ਇਨਸਾਨ ਮੌਤ ਤੋਂ ਬਾਅਦ ਵੀ ਸਮਾਜ ਲਈ ਆਪਣਾ ਅਮੁੱਲ ਯੋਗਦਾਨ ਪਾ ਸਕਦਾ ਹੈ।

ਸੀਐਚਸੀ ਬੀਨੇਵਾਲ ਦੇ ਐਸਐਮਓ ਡਾ. ਨਿਰਮਲ ਸਿੰਘ ਨੇ ਕਿਹਾ ਕਿ ਨੇਤਰਦਾਨ ਅਤੇ ਦੇਹਦਾਨ ਨੂੰ ਲੈ ਕੇ ਅੱਜ ਵੀ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਭਰਮਾਂ ਅਤੇ ਗਲਤ ਧਾਰਨਾਵਾਂ ਮੌਜੂਦ ਹਨ। ਇਨ੍ਹਾਂ ਭਰਮਾਂ ਕਾਰਨ ਕਈ ਲੋਕ ਇਸ ਪੁੰਨ ਦੇ ਕਾਰਜ ਲਈ ਅੱਗੇ ਆਉਣ ਤੋਂ ਹਿਚਕਚਾਉਂਦੇ ਹਨ। ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਤੱਕ ਸਹੀ, ਵਿਗਿਆਨਕ ਅਤੇ ਤੱਥਾਂ 'ਤੇ ਆਧਾਰਿਤ ਜਾਣਕਾਰੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਲੋਕ ਡਰ ਅਤੇ ਭਰਮ ਤੋਂ ਬਾਹਰ ਨਿਕਲ ਕੇ ਇਸ ਮਹਾਨ ਕਾਰਜ ਦੀ ਮਹੱਤਤਾ ਨੂੰ ਸਮਝ ਸਕਣ।

ਬਾਡੀ ਡੋਨੇਸ਼ਨ ਕਮੇਟੀ ਦੇ ਚੇਅਰਮੈਨ ਡਾ. ਤਰਸੇਮ ਸਿੰਘ ਨੇ ਕਿਹਾ ਕਿ ਮੈਡੀਕਲ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਮਨੁੱਖੀ ਸਰੀਰ ਦਾ ਅਧਿਐਨ ਬਹੁਤ ਮਹੱਤਵਪੂਰਨ ਹੈ। ਆਪਣੀ ਇੱਛਾ ਨਾਲ ਕੀਤਾ ਗਿਆ ਦੇਹਦਾਨ ਭਵਿੱਖ ਦੇ ਡਾਕਟਰਾਂ ਨੂੰ ਮਨੁੱਖੀ ਸਰੀਰ ਦੀ ਬਣਤਰ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਮੈਡੀਕਲ ਵਿਗਿਆਨ ਦੇ ਖੇਤਰ ਵਿੱਚ ਲੋੜੀਂਦੀ ਸਿਖਲਾਈ ਹਾਸਲ ਕਰਨ ਵਿੱਚ ਸਹਾਇਕ ਹੁੰਦਾ ਹੈ। ਇਸ ਨਾਲ ਮੈਡੀਕਲ ਖੋਜ ਨੂੰ ਵੀ ਮਜ਼ਬੂਤੀ ਮਿਲਦੀ ਹੈ।

ਉਨ੍ਹਾਂ ਲੋਕਾਂ ਨੂੰ ਨੇਤਰਦਾਨ ਅਤੇ ਦੇਹਦਾਨ ਨਾਲ ਸਬੰਧਤ ਲੋੜੀਂਦੀਆਂ ਪ੍ਰਕਿਰਿਆਵਾਂ ਬਾਰੇ ਵੀ ਜਾਣਕਾਰੀ ਦਿੱਤੀ। ਹਾਜ਼ਰ ਲੋਕਾਂ ਨੂੰ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਮਹਾਨ ਕਾਰਜਾਂ ਲਈ ਵਿਅਕਤੀ ਨੂੰ ਖੁਦ ਜਾਗਰੂਕ ਹੋਣ ਦੇ ਨਾਲ-ਨਾਲ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਆਪਣੀ ਇੱਛਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ, ਤਾਂ ਜੋ ਸਮਾਂ ਆਉਣ 'ਤੇ ਉਸ ਦੀ ਇੱਛਾ ਨੂੰ ਸਨਮਾਨ ਨਾਲ ਪੂਰਾ ਕੀਤਾ ਜਾ ਸਕੇ।

ਵਕਤਾਵਾਂ ਨੇ ਕਿਹਾ ਕਿ ਕਿਸੇ ਵੀ ਸਮਾਜਿਕ ਬਦਲਾਅ ਦੀ ਸ਼ੁਰੂਆਤ ਜਾਗਰੂਕਤਾ ਨਾਲ ਹੁੰਦੀ ਹੈ। ਜੇਕਰ ਹਰ ਵਿਅਕਤੀ ਨੇਤਰਦਾਨ ਅਤੇ ਦੇਹਦਾਨ ਦੀ ਮਹੱਤਤਾ ਨੂੰ ਸਮਝੇ ਅਤੇ ਇਸ ਸਬੰਧੀ ਫੈਲੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਵੇ ਤਾਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ ਜਾ ਸਕਦਾ ਹੈ।

ਪ੍ਰੋਗਰਾਮ ਵਿੱਚ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਸੰਦੇਸ਼ ਨੂੰ ਸਿਰਫ਼ ਆਪਣੇ ਤੱਕ ਸੀਮਿਤ ਨਾ ਰੱਖਣ, ਸਗੋਂ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਸਮਾਜ ਦੇ ਹੋਰ ਲੋਕਾਂ ਤੱਕ ਵੀ ਪਹੁੰਚਾਉਣ। ਖ਼ਾਸ ਤੌਰ 'ਤੇ ਨੌਜਵਾਨਾਂ ਨੂੰ ਇਸ ਮੁਹਿੰਮ ਵਿੱਚ ਅੱਗੇ ਆ ਕੇ ਨੇਤਰਦਾਨ ਅਤੇ ਦੇਹਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਗਈ।

ਇਸ ਮੌਕੇ ਐਸਐਮਓ ਡਾ. ਨਿਰਮਲ ਸਿੰਘ, ਬਾਡੀ ਡੋਨੇਸ਼ਨ ਕਮੇਟੀ ਦੇ ਚੇਅਰਮੈਨ ਡਾ. ਤਰਸੇਮ ਸਿੰਘ, ਪ੍ਰੋਫੈਸਰ ਦਲਜੀਤ ਸਿੰਘ, ਮਦਨ ਮਹਾਜਨ, ਜਸਬੀਰ ਕੰਵਰ, ਗੜ੍ਹਸ਼ੰਕਰ ਯੂਨਿਟ ਦੇ ਪ੍ਰਧਾਨ ਲਖਵਿੰਦਰ ਸਿੰਘ, ਪ੍ਰੈੱਸ ਸਕੱਤਰ ਅਜਾਇਬ ਸਿੰਘ ਬੋਪਾਰਾਏ, ਜਨਰਲ ਸਕੱਤਰ ਭੁਪਿੰਦਰ ਸਿੰਘ, ਸਕੱਤਰ ਓਂਕਾਰ ਸਿੰਘ ਚਾਹਲਪੁਰੀ, ਕੈਸ਼ੀਅਰ ਰਾਜਨ ਮਲ੍ਹਣ, ਆਫਿਸ ਸਕੱਤਰ ਰਮਨਦੀਪ ਸਿੰਘ, ਰਾਮਜੀ ਦਾਸ ਚੌਹਾਨ, ਸਾਬਕਾ ਸਰਪੰਚ ਕੁਲਭੂਸ਼ਣ ਕੁਮਾਰ, ਸਾਬਕਾ ਸਰਪੰਚ ਦਵਿੰਦਰ ਸਿੰਘ, ਪਵਨ ਸ਼ਰਮਾ, ਡਾ. ਮਹਿੰਦਰ ਅੰਗਾਰ, ਸ਼ੁਭਮ ਰਾਣਾ ਕੋਕੋਵਾਲ, ਕਣਵ ਗ੍ਰੀਨ ਫਾਊਂਡੇਸ਼ਨ ਦੇ ਸੰਸਥਾਪਕ ਰਾਮਪਾਲ ਭਾਰਦਵਾਜ, ਸਾਬਕਾ ਸਰਪੰਚ ਵੀਰ ਸਿੰਘ ਹਰਵਾਂ, ਸਰਪੰਚ ਬਲਜਿੰਦਰ ਸਿੰਘ ਨੈਨਵਾਂ, ਪੰਚਾਇਤ ਸੰਮਤੀ ਮੈਂਬਰ ਸਰਵਣ ਕਿਸਾਨਾ, ਪੰਚਾਇਤ ਸੰਮਤੀ ਮੈਂਬਰ ਮੋਹਨ ਲਾਲ ਬੀਨੇਵਾਲ, ਸਰਪੰਚ ਬਲਵਿੰਦਰ ਸਿੰਘ ਬਿੰਦੂ, ਪੰਚ ਰਾਣਾ ਸੁਸ਼ਿੰਦਰ ਸਿੰਘ ਮਜਾਰੀ, ਸੋਢੀ ਅਤੇ ਰਤਨਪੁਰ ਸਮੇਤ ਹੋਰ ਪਤਵੰਤੇ ਵਿਅਕਤੀ ਹਾਜ਼ਰ ਸਨ।

ਚਮਾਰ ਜਾਤੀ ਨੂੰ ਮੇਘਵਾਲ ਕਰਨ ਦੇ ਪ੍ਰਸਤਾਵ ਦੇ ਵਿਰੋਧ ਵਿਚ ਭੀਮ ਆਰਮੀ ਨੇ ਡੀਸੀ ਦਫ਼ਤਰ ਵਿਚ ਮੰਗ ਪੱਤਰ ਸੌਂਪਿਆ

ਪੈ.ਗਾਮ-ਏ-ਜਗਤ ਅੰਬਾਲਾ, 3 ਸਤੰਬਰ (ਆਰ.ਸਿੰਘ)

ਚਮਾਰ ਜਾਤੀ ਦਾ ਨਾਮ ਬਦਲ ਕੇ ਮੇਘਵਾਲ ਕਰਨ ਦੇ ਪ੍ਰਸਤਾਵ ਦੇ ਸਬੰਧ ਵਿੱਚ ਭੀਮ ਆਰਮੀ ਭਾਰਤ ਏਕਤਾ ਮਿਸ਼ਨ ਨੇ ਅੱਜ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਐਸਡੀਐਮ ਦਰਸ਼ਨ ਕੁਮਾਰ ਨੂੰ ਇੱਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਇਹ ਪ੍ਰਸਤਾਵ ਭਾਈਚਾਰੇ ਦੀ ਇਤਿਹਾਸਕ, ਸਮਾਜਿਕ ਅਤੇ ਸੰਵਿਧਾਨਕ ਪਛਾਣ ਨੂੰ ਪ੍ਰਭਾਵਿਤ ਕਰੇਗਾ। ਉਨ੍ਹਾਂ ਕਿਹਾ ਕਿ ਚਮਾਰ ਨਾਮ ਸਿਰਫ਼ ਪਛਾਣ ਦਾ ਇੱਕ ਸ਼ਬਦ ਨਹੀਂ ਹੈ ਸਗੋਂ ਭਾਈਚਾਰੇ ਦੇ ਸਦੀਆਂ ਪੁਰਾਣੇ ਇਤਿਹਾਸ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਭਾਈਚਾਰੇ ਨੇ




ਮੰਗ ਕੀਤੀ ਕਿ ਚਮਾਰ ਜਾਤੀ ਦਾ ਨਾਮ ਬਦਲ ਕੇ ਮੇਘਵਾਲ ਕਰਨ ਦੇ ਕਿਸੇ ਵੀ ਪ੍ਰਸਤਾਵ ਨੂੰ ਤੁਰੰਤ ਰੱਦ ਕੀਤਾ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਰਿਕਾਰਡਾਂ, ਜਾਤੀ ਸਰਟੀਫਿਕੇਟਾਂ ਅਤੇ ਮਾਲੀਆ ਰਿਕਾਰਡਾਂ ਵਿੱਚ ਚਮਾਰ ਨਾਮ ਬਰਕਰਾਰ ਰੱਖਿਆ ਜਾਵੇ। ਪ੍ਰਤੀਨਿਧੀਆਂ ਨੇ ਕਿਹਾ ਕਿ ਭਾਈਚਾਰੇ ਦੀ ਪਛਾਣ ਬਾਰੇ ਭਵਿੱਖ ਵਿੱਚ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਭਾਈਚਾਰੇ ਦੇ ਪ੍ਰਤੀਨਿਧੀਆਂ ਅਤੇ ਸਮਾਜਿਕ ਸੰਗਠਨਾਂ ਨਾਲ ਵਿਆਪਕ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕਿਸੇ ਵੀ ਬਦਲਾਅ ਦਾ ਭਾਈਚਾਰੇ ਦੇ ਰਾਖਵੇਂਕਰਨ ਅਤੇ ਹੋਰ ਸੰਵਿਧਾਨਕ ਅਧਿਕਾਰਾਂ 'ਤੇ ਮਾੜਾ ਪ੍ਰਭਾਵ ਨਾ ਪਵੇ। ਪ੍ਰਤੀਨਿਧੀਆਂ ਨੇ ਕਿਹਾ ਕਿ ਉਨ੍ਹਾਂ ਦੀ ਇਤਿਹਾਸਕ ਪਛਾਣ ਅਤੇ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਸਤਾਵ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜੇਸ਼ ਕੁਮਾਰ, ਸੂਬਾ ਪ੍ਰਧਾਨ ਕਮਲ ਕੁਮਾਰ, ਰਜਨੀ, ਅੰਕਿਤ, ਅਨਿਲ, ਰਵੀ, ਬਲਵਿੰਦਰ ਸਿੰਘ, ਰਾਹੁਲ ਅਤੇ ਕਈ ਹੋਰ ਮੈਂਬਰ ਮੌਜੂਦ ਸਨ।

ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਮੁੱਖ ਮੰਤਰੀ ਉਨ੍ਹਾਂ ਦੀਆਂ ਮੰਗਾਂ 'ਤੇ ਜਲਦੀ ਵਿਚਾਰ ਨਹੀਂ ਕਰਦੇ ਹਨ ਤਾਂ ਉਹ 18 ਸਤੰਬਰ ਨੂੰ ਹਰਿਆਣਾ ਬੰਦ ਦਾ ਸੱਦਾ ਦੇਣਗੇ।

ਸੁੱਕੀ ਪਰਾਲੀ ਦੀ ਟਰਾਲੀ ਵਿੱਚ ਲੱਗੀ ਅੱਗ 'ਚ ਗੰਭੀਰ ਰੂਪ ਵਿੱਚ ਝੁਲਸੇ ਨੌਜਵਾਨ ਦਾ ਲਿਵਾਸਾ ਹਸਪਤਾਲ ਨਵਾਂਸ਼ਹਿਰ ਵਿੱਚ ਹੋਇਆ ਸਫਲ ਇਲਾਜ

ਨਵਾਂਸ਼ਹਿਰ, 3 ਸਤੰਬਰ (ਪੈ.ਗਾਮ-ਏ-ਜਗਤ)

ਲਿਵਾਸਾ ਹਸਪਤਾਲ, ਨਵਾਂਸ਼ਹਿਰ ਵਿੱਚ ਸੁੱਕੀ ਪਰਾਲੀ ਦੀ ਟਰਾਲੀ ਵਿੱਚ ਲੱਗੀ ਅੱਗ ਵਿੱਚ ਗੰਭੀਰ ਰੂਪ ਵਿੱਚ ਝੁਲਸੇ 32 ਸਾਲਾ ਨੌਜਵਾਨ ਦਾ ਸਫਲ ਇਲਾਜ ਕੀਤਾ ਗਿਆ। ਨੌਜਵਾਨ ਨੂੰ ਚਿਹਰੇ, ਧੌਣ, ਪਿੱਠ, ਦੋਵਾਂ ਬਾਂਹਾਂ ਅਤੇ ਦੋਵਾਂ ਪੈਰਾਂ 'ਤੇ ਗੰਭੀਰ ਰੂਪ ਵਿੱਚ ਝੁਲਸੀ ਅਵਸਥਾ ਵਿੱਚ ਲਿਆਂਦਾ ਗਿਆ ਸੀ, ਜਿਸ ਲਈ ਤੁਰੰਤ ਰੀਸਸੀਟੇਸ਼ਨ ਅਤੇ ਆਈ.ਸੀ.ਯੂ. ਦੀ ਲੋੜ ਸੀ।



ਲਿਵਾਸਾ ਦੇ ਐਮਰਜੈਂਸੀ ਵਿਭਾਗ ਵਿੱਚ ਤੁਰੰਤ ਨੌਜਵਾਨ ਨੂੰ ਸਥਿਰ ਕੀਤਾ ਗਿਆ ਅਤੇ ਹਸਪਤਾਲ ਦੀ ਪਲਾਸਟਿਕ ਐਂਡ ਰੀਕੰਸਟ੍ਰਕਟਿਵ ਸਰਜਰੀ ਅਤੇ ਕ੍ਰਿਟੀਕਲ ਕੇਅਰ ਟੀਮਾਂ ਦੀ ਦੇਖਰੇਖ ਹੇਠ ਆਈ.ਸੀ.ਯੂ. ਯੂਨਿਟ ਵਿੱਚ ਇਲਾਜ ਜਾਰੀ ਰੱਖਿਆ ਗਿਆ। ਇਸ ਟੀਮ ਵਿੱਚ ਕੰਸਲਟੈਂਟ-ਪਲਾਸਟਿਕ ਐਂਡ ਰੀਕੰਸਟ੍ਰਕਟਿਵ ਸਰਜਰੀ ਡਾ. ਆਸ਼ਿਕੇਸ਼ ਕੁੰਡਲ, ਸੀਨੀਅਰ ਕੰਸਲਟੈਂਟ-ਐਨੇਸਥੀਸੀਆ ਐਂਡ ਕ੍ਰਿਟੀਕਲ ਕੇਅਰ ਡਾ. ਸਮੀਰ ਸ਼ਰਮਾ ਅਤੇ ਕੰਸਲਟੈਂਟ-ਐਨੇਸਥੀਸੀਆ ਐਂਡ ਕ੍ਰਿਟੀਕਲ ਕੇਅਰ ਡਾ. ਅਨਿੰਦਰਦੀਪ ਵਾਂਡਰ ਸ਼ਾਮਲ ਸਨ। ਇਲਾਜ ਦੌਰਾਨ ਮਰੀਜ਼ ਦੇ ਮਹੱਤਵਪੂਰਨ ਅੰਗਾਂ ਦੀ ਕਾਰਜਪ੍ਰਣਾਲੀ ਦੀ ਲਗਾਤਾਰ ਨਿਗਰਾਨੀ ਕੀਤੀ ਗਈ। ਇਸ ਦੇ ਨਾਲ ਹੀ ਮਰੀਜ਼ ਦੇ ਜ਼ਖ਼ਮਾਂ ਦੀ ਸੰਵੇਦਨਸ਼ੀਲਤਾ ਰਿਪੋਰਟ ਦੇ ਆਧਾਰ 'ਤੇ ਜ਼ਖ਼ਮਾਂ ਦੀ ਦੇਖਭਾਲ, ਨਿਯਮਤ ਡਰੈਸਿੰਗ, ਐਂਟੀਬਾਇਓਟਿਕਸ, ਪੋਸ਼ਣ ਸੰਬੰਧੀ ਸਹਾਇਤਾ ਅਤੇ ਹੋਰ ਸਹਾਇਕ ਉਪਾਅ ਪ੍ਰਦਾਨ ਕੀਤੇ ਗਏ। ਮਰੀਜ਼ ਦੀ ਸੱਜੀ ਬਾਂਹ ਅਤੇ ਹੱਥ 'ਤੇ ਸਭ ਤੋਂ ਗੰਭੀਰ ਸੱਟਾਂ ਆਈਆਂ ਸਨ। ਸੰਕ੍ਰਮਿਤ ਅਤੇ ਮ੍ਰਿਤ ਟਿਸ਼ੂ (ਡੈੱਡ ਟਿਸ਼ੂ) ਨੂੰ ਹਟਾਉਣ ਲਈ ਮਰੀਜ਼ ਦੀ ਡੀਬ੍ਰਾਈਡਮੈਂਟ ਸਰਜਰੀ ਕੀਤੀ ਗਈ, ਜਿਸ ਤੋਂ ਬਾਅਦ ਪ੍ਰਭਾਵਿਤ ਹਿੱਸਿਆਂ ਨੂੰ ਢੱਕਣ ਲਈ ਉਸ ਦੀਆਂ ਪੱਟਾਂ ਤੋਂ ਚਮੜੀ ਲੈ ਕੇ ਸਪਲਿਟ ਥਿਕਨੈੱਸ ਸਕਿਨ ਗ੍ਰਾਫਟਿੰਗ ਕੀਤੀ ਗਈ। ਲਿਵਾਸਾ ਹਸਪਤਾਲ, ਨਵਾਂਸ਼ਹਿਰ 24 ਘੰਟੇ ਐਮਰਜੈਂਸੀ ਸੇਵਾਵਾਂ, ਕ੍ਰਿਟੀਕਲ ਕੇਅਰ ਸਪੋਰਟ, ਸਰਜੀਕਲ ਮਾਹਰਤਾ ਅਤੇ ਬਹੁ-ਵਿਸ਼ੇ ਵਾਲੀਆਂ ਟੀਮਾਂ ਨਾਲ ਜਟਿਲ ਐਮਰਜੈਂਸੀ ਅਤੇ ਗੰਭੀਰ ਮਾਮਲਿਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਲੈਸ ਅਤੇ ਟ੍ਰੋਮਾ-ਰੈਡੀ ਹੈ।

ਰਾਧਾਸੁਆਮੀ ਡੇਰਾ ਬਿਆਸ ਵਿੱਚ ਹੋਣ ਵਾਲੇ ਸਤਿਸੰਗ ਲਈ ਰੇਲਵੇ ਵਿਭਾਗ ਦੋ ਵਾਧੂ ਗੱਡੀਆਂ ਚਲਾਵੇਗਾ

ਪੈ.ਗਾਮ-ਏ-ਜਗਤ ਅੰਬਾਲਾ, 3 ਸਤੰਬਰ (ਆਰ.ਸਿੰਘ)

ਡੀਆਰਐਮ ਅੰਬਾਲਾ ਦੇ ਲੋਕ ਸੰਪਰਕ ਵਿਭਾਗ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਯਾਤਰੀਆਂ/ਸ਼ਰਧਾਲੂਆਂ ਦੀ ਵਾਧੂ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਤਰੀ ਰੇਲਵੇ ਸਤੰਬਰ ਦੇ ਮਹੀਨੇ ਵਿੱਚ ਵਾਧੂ ਵਿਸ਼ੇਸ਼ ਰੇਲਗੱਡੀਆਂ ਚਲਾ ਰਿਹਾ ਹੈ। ਇਸ ਕ੍ਰਮ ਵਿੱਚ ਸਹਾਰਨਪੁਰ-ਬਿਆਸ-ਸਹਾਰਨਪੁਰ ਵਿਚਕਾਰ ਇੱਕ ਅਤੇ ਹਜ਼ਰਤ ਨਿਜ਼ਾਮੁਦੀਨ-ਬਿਆਸ-ਹਜ਼ਰਤ ਨਿਜ਼ਾਮੁਦੀਨ ਵਿਚਕਾਰ ਅੰਬਾਲਾ ਡਿਵੀਜ਼ਨ ਰਾਹੀਂ ਦੋ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ। ਰੇਲਵੇ ਪ੍ਰਸ਼ਾਸਨ ਦੁਆਰਾ ਜਾਰੀ ਕੀਤੇ ਗਏ ਸ਼ਡਿਊਲ ਦੇ ਅਨੁਸਾਰ ਟਰੇਨ ਨੰਬਰ 04451/04452 ਹਜ਼ਰਤ ਨਿਜ਼ਾਮੁਦੀਨ-ਬਿਆਸ-ਹਜ਼ਰਤ ਨਿਜ਼ਾਮੁਦੀਨ ਸਪੈਸ਼ਲ ਐਕਸਪ੍ਰੈੱਸ 3 ਸਤੰਬਰ ਨੂੰ ਹਜ਼ਰਤ ਨਿਜ਼ਾਮੁਦੀਨ ਤੋਂ ਬਿਆਸ ਅਤੇ 6 ਸਤੰਬਰ, 2026 ਨੂੰ ਬਿਆਸ ਤੋਂ ਹਜ਼ਰਤ ਨਿਜ਼ਾਮੁਦੀਨ ਤੱਕ ਚੱਲੇਗੀ। ਇਹ ਰੇਲਗੱਡੀ ਅੰਬਾਲਾ ਕੈਂਟ ਸਟੇਸ਼ਨ 'ਤੇ ਵੀ ਰੁਕੇਗੀ। ਇਸੇ ਤਰ੍ਹਾਂ ਟਰੇਨ ਨੰਬਰ 04565/04566 ਸਹਾਰਨਪੁਰ-ਬਿਆਸ-ਸਹਾਰਨਪੁਰ ਸਪੈਸ਼ਲ ਐਕਸਪ੍ਰੈੱਸ 11 ਅਤੇ 18 ਸਤੰਬਰ, 2026 ਨੂੰ ਸਹਾਰਨਪੁਰ ਤੋਂ ਬਿਆਸ ਤੱਕ ਅਤੇ 13 ਅਤੇ 20 ਸਤੰਬਰ, 2026 ਨੂੰ ਬਿਆਸ ਤੋਂ ਸਹਾਰਨਪੁਰ ਤੱਕ ਵਾਪਸੀ ਯਾਤਰਾ 'ਤੇ ਚੱਲੇਗੀ। ਇਹ ਟਰੇਨ ਸਹਾਰਨਪੁਰ ਅਤੇ ਬਿਆਸ ਦੇ ਵਿਚਕਾਰ ਨਿਰਧਾਰਿਤ ਸਟੇਸ਼ਨਾਂ 'ਤੇ ਰੁਕੇਗੀ ਜਿਸ ਵਿੱਚ ਯਮੁਨਾਨਗਰ, ਜਗਾਧਰੀ, ਜਗਾਧਰੀ ਵਰਕਸ਼ਾਪ, ਅੰਬਾਲਾ ਕੈਂਟ, ਸਾਹਨੇਵਾਲ, ਲੁਧਿਆਣਾ ਅਤੇ ਜਲੰਧਰ ਸ਼ਹਿਰ ਸ਼ਾਮਲ ਹਨ। ਯਾਤਰੀਆਂ ਦੀ ਸਹੂਲਤ ਲਈ ਰੇਲਵੇ ਸੰਬੰਧਿਤ ਸਟੇਸ਼ਨਾਂ 'ਤੇ ਵਿਆਪਕ ਪ੍ਰਚਾਰ ਪ੍ਰਬੰਧ ਕਰ ਰਿਹਾ ਹੈ। ਇਸ ਤੋਂ ਇਲਾਵਾ ਵਾਧੂ ਯਾਤਰੀ ਭੀੜ ਨੂੰ ਸੁਚਾਰੂ ਢੰਗ ਨਾਲ ਪ੍ਰਬੰਧਿਤ ਕਰਨ ਅਤੇ ਯਾਤਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲੋੜੀਂਦੇ ਟਿਕਟ ਜਾਂਚ ਸਟਾਫ ਤਾਇਨਾਤ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਰੇਲਵੇ ਪ੍ਰਸ਼ਾਸਨ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਯਾਤਰਾ ਕਰਨ ਤੋਂ ਪਹਿਲਾਂ ਅਧਿਕਾਰਤ ਰੇਲਵੇ ਯਾਤਰੀ ਜਾਣਕਾਰੀ ਚੈਨਲਾਂ 'ਤੇ ਆਪਣੇ ਰੇਲਗੱਡੀ ਦੇ ਸਮੇਂ ਅਤੇ ਰੁਕਣ ਦੀ ਜਾਣਕਾਰੀ ਦੀ ਜਾਂਚ ਜ਼ਰੂਰ ਕਰਨ।

ਲੰਬੇ ਬਿਜਲੀ ਕੱਟਾਂ ਤੋਂ ਬੁਰੀ ਤਰ੍ਹਾਂ ਪਰੇਸ਼ਾਨ ਹਨ ਕਿਸਾਨ

ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਵਲੋਂ ਬਿਜਲੀ ਸਪਲਾਈ ਵਿੱਚ ਸੁਧਾਰ ਦੀ ਮੰਗ

ਰਾਜਪੁਰਾ, 3 ਸਤੰਬਰ (ਪੈ.ਗਾਮ-ਏ-ਜਗਤ)

ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਭਾਰਤ ਨੇ ਮੰਗ ਕੀਤੀ ਹੈ ਕਿ ਬਿਜਲੀ ਸਪਲਾਈ ਵਿੱਚ ਸੁਧਾਰ ਕੀਤਾ ਜਾਵੇ। ਇਸ ਸੰਬੰਧੀ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ (ਜਿਸ ਵਿੱਚ ਜਥੇਬੰਦੀ ਦੇ ਕੌਮੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ ਵੀ ਸ਼ਾਮਿਲ ਹੋਏ) ਦੌਰਾਨ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਖੇਤਾਂ ਦੀਆਂ ਮੋਟਰਾਂ ਵਾਲੀ ਅਤੇ ਘਰਾਂ ਵਾਲੀ ਬਿਜਲੀ ਦਾ ਬੁਰਾ ਹਾਲ ਹੈ। ਬਿਜਲੀ ਦੇ ਲੰਬੇ-ਲੰਬੇ ਕੱਟ ਲੱਗ ਰਹੇ ਹਨ, ਜਿਸ ਕਾਰਨ ਕਿਸਾਨ ਅਤੇ ਆਮ ਲੋਕ ਬਹੁਤ ਪ੍ਰੇਸ਼ਾਨ ਹਨ।

ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਬਿਜਲੀ ਮੰਤਰੀ ਤੋਂ ਮੰਗ ਕੀਤੀ ਕਿ ਬਿਜਲੀ ਦਾ ਪ੍ਰਬੰਧ ਤੁਰੰਤ ਠੀਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸਮੇਂ ਝੋਨੇ ਦੀ ਫ਼ਸਲ ਨਸਾਰੇ ਤੇ ਹੈ ਅਤੇ ਉਸ ਨੂੰ ਪਾਣੀ ਦੀ ਬਹੁਤ ਲੋੜ ਹੈ। ਜੇਕਰ ਫ਼ਸਲ ਨੂੰ ਸਮੇਂ ਸਿਰ ਪਾਣੀ ਨਾ ਮਿਲਿਆ ਤਾਂ ਫ਼ਸਲ ਖ਼ਰਾਬ ਹੋਣ ਦਾ ਵੱਡਾ ਖ਼ਤਰਾ ਹੈ।


ਆਗੂਆਂ ਨੇ ਕਿਹਾ ਕਿ ਘਰਾਂ ਵਿੱਚ ਵੀ ਲੰਬੇ ਕੱਟਾਂ ਕਾਰਨ ਛੋਟੇ ਬੱਚੇ ਅਤੇ ਬਜ਼ੁਰਗ ਬਹੁਤ ਪ੍ਰੇਸ਼ਾਨ ਹਨ। ਜੇਕਰ ਜਲਦੀ ਬਿਜਲੀ ਸਪਲਾਈ ਠੀਕ ਨਾ ਹੋਈ ਤਾਂ ਜਥੇਬੰਦੀ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ।

ਇਸ ਮੌਕੇ ਪੰਜਾਬ ਪ੍ਰਧਾਨ ਨਿਰਮਲ ਸਿੰਘ ਸੇਖਨ ਮਾਜਰਾ, ਮੀਤ ਪ੍ਰਧਾਨ ਭਾਰਤ ਤੇਜਿੰਦਰ ਸਿੰਘ ਮੋਹੀ, ਗੁਰਦੀਪ ਸਿੰਘ ਸੋਨੀ ਝੋਲਟੀ ਖੇੜੀ, ਜਗਜੀਤ ਸਿੰਘ ਚੋਲਟੀ ਖੇੜੀ, ਸੋਨੂ ਕਵਾਰਟਰ, ਮਨਪ੍ਰੀਤ ਸਿੰਘ ਸੌਟੀ, ਜੱਗਾ ਸਿੰਘ ਖਰਾਜਪੁਰ, ਗੁਰਮੀਤ ਸਿੰਘ ਸਮੇਤ ਹੋਰ ਮੈਂਬਰ ਹਾਜ਼ਰ ਸਨ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਜਨਮ ਅਸ਼ਟਮੀ 'ਤੇ ਵਿਸ਼ੇਸ਼

ਸਰਵਗੁਣ ਸੰਪੰਨ ਸਨ ਭਗਵਾਨ ਸ਼੍ਰੀ ਕ੍ਰਿਸ਼ਨ



ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਗੋਕੁਲ, ਜਿਲ੍ਹਾ ਮਥੁਰਾ (ਯੂ.ਪੀ.) ਵਿਖੇ ਹੋਇਆ। ਸ਼੍ਰੀ ਕ੍ਰਿਸ਼ਨ ਦਵਾਪਰ ਯੁਗ ਵਿਚ ਯਸ਼ੋਧਾ ਮਾਤਾ ਦੀ ਕੁੱਖ 'ਚੋਂ ਪੈਦਾ ਹੋਏ। ਉਨ੍ਹਾਂ ਦੇ ਪਿਤਾ ਸ਼੍ਰੀ ਨੰਦ ਕਿਸ਼ੋਰ ਸਨ। ਗੋਕੁਲ ਪਿੰਡ ਵਿਚ ਅੱਜ ਵੀ ਕ੍ਰਿਸ਼ਨ ਭਗਵਾਨ ਦੇ ਸਮੇਂ ਦੇ ਚਿੰਨ੍ਹ ਮੌਜੂਦ ਹਨ। ਉਹ ਰੁੱਖ ਵੀ ਮੌਜੂਦ ਹੈ ਜਿਸ ਨਾਲ ਬਾਲ ਕ੍ਰਿਸ਼ਨ ਨੂੰ ਯਸ਼ੋਧਾ ਮਾਤਾ ਨੇ ਬੰਨਿਆ ਸੀ।

ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਨੂੰ ਹੀ ਜਨਮ ਅਸ਼ਟਮੀ ਕਹਿੰਦੇ ਹਨ। ਜਿਸ ਕਾਲ ਵਿਚ ਧਰਮ ਦੇ ਸਿਧਾਂਤ ਜੀਵਨ ਵਿਚ ਚਰਿਤਾਰਥ ਨਾ ਹੋ ਕੇ ਕੇਵਲ ਪੁਸਤਕਾਂ ਵਿਚ ਹੀ ਰਹਿ ਗਏ ਸਨ ਉਸ ਕਾਲ ਵਿਚ ਕ੍ਰਿਸ਼ਨ ਦਾ ਜਨਮ ਹੋਇਆ। ਸੱਤਾ ਜਾਂ ਸੰਪਤੀ ਦੇ ਬਿਨਾਂ ਵੀ ਹਜ਼ਾਰਾਂ ਲੋਕਾਂ ਦਾ ਸੰਗਠਨ ਹੋ ਸਕਦਾ ਹੈ, ਇਹ ਉਨ੍ਹਾਂ ਦੇ ਗੋਕੁਲ ਵਿਚ ਵੈਸਾ ਸੰਗਠਨ ਕਰਕੇ ਵਿਖਾਇਆ। 'ਕਰਸ਼ਤੀ ਆਕਰਸ਼ਤੀ ਇਤੀ ਕ੍ਰਿਸ਼ਨ' ਸਲੋਕ ਮੁਤਾਬਿਕ ਜੋ ਖਿੱਚਦਾ ਹੈ, ਆਕਰਸ਼ਿਤ ਕਰਦਾ ਹੈ ਉਹ ਕ੍ਰਿਸ਼ਨ। ਕ੍ਰਿਸ਼ਨ ਨੇ ਗੋਪੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਦਾ ਪ੍ਰੇਮ ਸੰਪਾਦਨ ਕੀਤਾ। ਕ੍ਰਿਸ਼ਨ ਦੇ ਕਹਿਣ 'ਤੇ ਗੋਕੁਲ ਦੇ ਲੋਕਾਂ ਨੇ ਸਾਲਾਂ ਪੁਰਾਣੀ ਇੰਦਰ ਪੂਜਾ ਦੀ ਪਰੰਪਰਾ ਤੋੜ ਦਿੱਤੀ ਅਤੇ ਗੋਵਰਧਨ ਪੂਜਾ ਨੂੰ ਸਵੀਕਾਰ ਕੀਤਾ। ਇਸ ਘਟਨਾ ਨਾਲ ਕੰਸ, ਜਰਾਸੰਘ ਆਦਿ ਲੋਕਾਂ ਦੀ ਧਾਰਨਾ ਨੂੰ ਬੜਾ ਧੱਕਾ ਲੱਗਿਆ। ਕ੍ਰਿਸ਼ਨ ਨੇ ਸਾਧਾਰਣ ਮਾਨਵ ਨੂੰ ਸਮਝਾਇਆ ਕਿ ਜੇਬ ਵਿਚ ਭਲੇ ਹੀ ਦਮੜੀ ਨਾ ਹੋਵੇ, ਪਰ ਤੇਜਸਵਿਤਾ ਨਾਲ ਅਤੇ ਨਿਸ਼ਠਾ ਨਾਲ ਇਕੱਠੇ ਹੋ ਕੇ ਸਾਹ ਵੀ ਲਵੋਗੇ ਤਾਂ ਜਗਤ ਬਦਲ ਜਾਵੇਗਾ। ਭਗਵਦ ਕਾਰਜ ਦੇ ਬਿਨਾਂ ਸਵਾਰਥ ਨਾਲ ਕਰਦੇ ਰਹੋ, ਪ੍ਰਭੂ ਤੁਹਾਡੇ ਪਿੱਛੇ ਖੜਿ ਆ ਹੈ।

ਮੂਸਲਾਧਾਰ ਬਾਰਿਸ਼, ਬਿਜਲੀ ਦੀ ਕੜਕੜਾਹਤ, ਬੱਦਲਾਂ ਦੇ ਝੁਰਮਟ, ਸਾਰੀ ਧਰਤੀ ਜਲ ਥਲ ਐਸੇ ਸਮੇਂ ਸ਼੍ਰੀ ਕ੍ਰਿਸ਼ਨ ਦਾ ਜਨਮ ਹੋਇਆ। ਜਦ ਜੀਵਨ ਵਿਚ ਅੰਧਕਾਰ ਵਧਦਾ ਹੈ, ਨਿਰਾਸ਼ਾ ਦੇ ਬੱਦਲ ਛਾ ਜਾਂਦੇ ਹਨ, ਮੁਸੀਬਤਾਂ ਦਾ ਹੜ੍ਹ ਆ ਜਾਂਦਾ ਹੈ, ਦੁੱਖ-ਆਫ਼ਤਾਂ ਸਿਰ ਚੜ੍ਹ ਕੇ ਬੋਲਦੇ ਹਨ ਤਦ ਭਗਵਾਨ ਸ੍?ਰੀ ਕ੍ਰਿਸ਼ਨ ਜਨਮ ਲੈਂਦੇ ਹਨ।

ਵਿਆਪਤ ਅੰਧਕਾਰ ਵਿਚ ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਫੁੱਟ ਨਿਕਲਦੀਆਂ ਹਨ, ਅਸਮਾਨ ਵਿਚ ਸੂਰਜ ਅਪਣੀ ਸ਼ੋਭਾ ਨੂੰ ਵਧਾਉਂਦਾ ਹੈ ਤਦ ਮਾਨਵਤਾ ਆਨੰਦ ਨਾਲ ਪੁਲਕਿਤ ਹੁੰਦੀ ਹੈ ਸਾਮਰਾਜਵਾਦ ਦੀਆਂ ਮੁਸੀਬਤਾਂ ਵਿਚ ਪਿਸਦੇ ਹੋਏ ਸਮਾਜ ਨੂੰ ਉਸਦਾ ਤਾਰਨਹਾਰ ਮਿਲੇ, ਸੱਤਾ ਅਤੇ ਸੰਪਤੀ ਦੇ ਸ਼ੋਸ਼ਣ ਤੋਂ ਛੁਡਾਉਣ ਵਾਲਾ ਮੁਕਤੀਦਾਤਾ ਮਿਲੇ, ਗ਼ਰੀਬਾਂ, ਬੇਸਹਾਰਿਆਂ ਨੂੰ ਮਸੀਹਾ ਮਿਲੇ, ਡੁੱਬਦੇ ਹੋਏ ਨੂੰ ਕਿਸਾਨਾ ਦੇਣ ਵਾਲਾ ਅਤੇ ਅਧਿਆਤਮਿਕ ਵਿਅਕਤੀ ਨੂੰ ਉਧਾਰਕ ਮਿਲੇ ਤਾਂ ਤਦ ਆਨੰਦ ਵਿਭੋਰ ਹੋ ਕੇ ਕੌਣ ਨਈਂ ਨੱਚਦਾ? ਫਿਰ ਮੁਕਤੀਦਾਤਾ, ਮਾਨਵਤਾਵਾਦੀ, ਗੀਤਾ ਦੇ ਉਦਾਰਤਾ, ਲੋਕਾਂ ਨੂੰ ਤਾਰਨ ਵਾਲਾ ਅਤੇ ਉਧਾਰਕ ਕ੍ਰਿਸ਼ਨ ਦਾ ਜਨਮ ਹੋਇਆ ਅਤੇ ਸਾਰੇ ਦੁੱਖ ਸੰਤਾਪ ਨੂੰ ਭੁੱਲ ਕੇ ਆਨੰਦ-ਉਲਾਸ, ਖੁਸ਼ੀ ਵਿਚ ਲੋਕ ਨੱਚਣ ਲੱਗੇ ਅਤੇ ਉਹ ਦਿਨ ਜਨਮ ਅਸ਼ਟਮੀ ਦੇ ਨਾਂਅ ਨਾਲ ਪ੍ਰਸਿੱਧ ਹੋਇਆ।

ਭਗਵਾਨ ਸ਼੍ਰੀ ਕ੍ਰਿਸ਼ਨ ਵਿਚ ਮਾਨਵਤਾ ਦੇ ਸਾਰੇ ਗੁਣ ਸਨ। ਉਹ ਇਕ ਸੱਚੇ ਮਿੱਤਰ (ਕ੍ਰਿਸ਼ਨ-ਸੁਦਾਮਾ ਪ੍ਰਸੰਗ), ਰਾਜਿਆਂ ਵਰਗੇ, ਪਿਤਾ ਅਤੇ ਪੁੱਤਰ ਵਰਗੇ, ਭਗਤਾਂ ਨੂੰ ਖ਼ੁਦ ਭਗਵਾਨ ਲਗਦੇ ਸਨ। ਉਨ੍ਹਾਂ ਦੇ ਮਸਤਕ ਦੀ ਸ਼ੋਭਾ ਵਿਚ ਸੂਰਜ ਵਰਗਾ ਆਕਰਸ਼ਣ ਸੀ। ਸ਼ਾਂਤ, ਨਿਰਮਲ ਅਤੇ ਮੌਕੇ 'ਤੇ ਸਹੀ ਫ਼ੈਸਲਾ ਲੈਣ ਵਾਲੇ, ਲੋਕਾਂ ਵਿਚ ਪਿਆਰ ਵੰਡਣ ਵਾਲੇ, ਉਨ੍ਹਾਂ ਦੇ ਆਕਰਸ਼ਣ ਵਿਚ, ਬਾਣੀ ਵਿਚ ਇਕ ਐਸੀ ਖੁਸ਼ਬੂ ਸੀ ਜਿਸ ਨੂੰ ਪਾ ਕੇ ਸਾਰੇ ਆਨੰਦ-ਵਿਭੋਰ ਹੋ ਜਾਂਦੇ। ਵੈਸੇ ਵੀ ਜਨਮ ਅਸ਼ਟਮੀ ਹਰ ਸਾਲ ਆਉਂਦੀ ਹੈ, ਲੋਕਾਂ ਨੂੰ ਕਿੰਨਾ ਆਨੰਦ ਦਿੰਦੀ ਹੈ। ਕ੍ਰਿਸ਼ਨ ਦਾ ਜਨਮ ਹੀ ਇਸ ਤਰ੍ਹਾਂ ਦਾ ਹੈ। ਜਨਮ ਅਸ਼ਟਮੀ ਭਾਵ ਕਿ ਪ੍ਰਭੂ ਪ੍ਰੇਮੀਆਂ ਦਾ ਆਨੰਦ ਦੀ ਅਵਸਥਾ।

ਸਭ ਦ੍ਰਿਸ਼ਟੀਆਂ ਵਿਚ ਕ੍ਰਿਸ਼ਨ ਪੂਰਨ ਅਵਤਾਰ ਸਨ। ਉਨ੍ਹਾਂ ਦੇ ਜੀਵਨ ਵਿਚ ਕੋਈ ਵੀ ਉਂਗਲੀ ਉਠਾਉਣ ਵਾਲਾ ਨਹੀਂ ਹੈ। ਉਹ ਸੰਪੂਰਨ ਸਨ। ਉਹ ਅਧਿਆਤਮਿਕ, ਨੈਤਿਕਤਾਵਾਦੀ, ਸਮਾਜ ਉਧਾਰਕ, ਰਾਜਨੀਤਕ, ਸੰਸਕ੍ਰਿਤੀ ਦੇ ਸਵਾਮੀ ਆਦਿ ਗੁਣਾਂ ਦਾ ਗਹਿਰਾ ਸਮੁੰਦਰ ਸਨ। ਉਹ ਯਸ਼ਸਵੀ, ਰਾਜਨਾਇਕ, ਜੇਤੂ ਯੋਧਾ, ਧਰਮ ਸਾਮਰਾਜ ਦਾ ਨਿਰਮਾਤਾ, ਮਾਨਵ-ਵਿਕਾਸ ਕਰਨ ਵਾਲੇ, ਧਰਮ ਦਾ ਮਹਾਨ ਪ੍ਰਵਚਨਕਾਰ, ਭਕਤਵਤਸਲ ਅਤੇ ਗਿਆਨੀਆਂ ਅਤੇ ਜਗਿਆਸੂਆਂ ਦੀ ਜਗਿਆਸਾ ਪੂਰੀ ਕਰਨ ਵਾਲੇ ਜਗਤਗੁਰੂ ਭਾਵ ਸ਼੍ਰੀ ਕ੍ਰਿਸ਼ਨ।

ਭਗਵਾਨ ਸ਼੍ਰੀ ਕ੍ਰਿਸ਼ਨ ਨੇ ਬੁਰਾਈ ਦਾ ਨਾਸ਼ ਕੀਤਾ ਅਤੇ ਅੱਛਾਈ (ਚੰਗਿਆਈ) ਦੀ ਖ਼ੁਸ਼ਬੂ ਪੈਦਾ ਕੀਤੀ। ਗੋਪਾਲਾਂ ਨਾਲ ਮਿਲ ਕੇ ਉਨ੍ਹਾਂ ਨੇ ਸਮਾਜ ਬਦਲ ਦਿੱਤਾ। ਉਨ੍ਹਾਂ ਪਾਪ ਅਤੇ ਦੰਭ ਦਾ ਨਾਸ਼ ਕੀਤਾ। ਨਾਗ ਜਾਤੀ ਦੇ ਦ੍ਰਿਸ਼ਟ ਰਾਜਾ ਦਾ ਨਾਸ ਕੀਤਾ। ਭਗਵਾਨ ਸ਼੍ਰੀ ਕ੍ਰਿਸ਼ਨ ਨੇ ਪੈਸੇ ਵਾਲਿਆਂ ਦਾ ਪੂਜਣ ਬੰਦ ਕਰਕੇ 'ਗੋ' ਯਾਨੀ ਉਪਨਿਸ਼ਦਾਂ ਦਾ ਪੂਜਣ ਸ਼ੁਰੂ ਕਰਵਾਇਆ। ਗੋਪਾਲਾ ਨੂੰ ਸਿਹਤਮੰਦ ਰੱਖਣ ਲਈ ਮੱਖਣ ਖਵਾਉਂਦੇ ਸਨ। ਗੋਪਾਲਕਾਂ ਵਿਚ ਸੰਗਠਤਾ ਆਉਂਦੀ ਸੀ। ਸੁੱਖ ਅਤੇ ਸ਼ਾਂਤੀ ਵਧਦੀ ਸੀ।

ਸੰਸਕ੍ਰਿਤੀ ਦੇ ਲਈ ਉਨ੍ਹਾਂ ਦਾ ਹਿਰਦੇ ਤਦ ਦੁਖੀ ਹੁੰਦਾ ਸੀ ਇਸ ਲਈ ਤਾਂ ਜਦੋਂ ਦੁਰਯੋਧਨ, ਕੰਸ, ਕਾਲਯਵਨ, ਨਰਕਾਸੁਰ, ਸ਼ਿਸੂਪਾਲ ਅਤੇ ਜਰਾਸੰਘ ਵਰਗੇ ਜੜ੍ਹਵਾਦੀ, ਆਸੁਰੀ ਸੰਸਕ੍ਰਿਤੀ ਦੇ ਪ੍ਰਚਾਰਕ ਤਾਂਡਵ ਨਾਚ ਕਰ ਰਹੇ ਸਨ। ਸੰਸਕ੍ਰਿਤੀ ਪ੍ਰੇਮੀ ਪਾਂਡਵਾਂ ਦੇ ਉਹ ਸਦਾ ਦੇ ਲਈ ਮਾਰਗਦਰਸ਼ਨ ਰਹੇ। ਮੁਸ਼ਕਿਲ ਕਾਲ ਦੇ ਪ੍ਰਸੰਗ ਵਿਚ ਅਤੇ ਮੁਸੀਬਤ ਸਮੇਂ ਉਹ ਪਾਂਡਵਾਂ ਨੂੰ ਬਚਾ ਲੈਂਦੇ ਸਨ। ਅਨੁਸ਼ਾਸਨਹੀਣਤਾ ਕਰਕੇ ਹੀ ਕੌਰਵਾਂ ਦੀ ਹਾਰ ਹੋਈ।

ਭਗਵਾਨ ਸ਼੍ਰੀ ਕ੍ਰਿਸ਼ਨ ਜੋ ਕਰਮ ਨੂੰ ਪ੍ਰਾਥਮਿਕਤਾ ਦਿੰਦੇ ਹਨ। ਉਨ੍ਹਾਂ ਦੀ ਪ੍ਰਤਿਮਾ ਨੂੰ ਦੇਖ ਕੇ ਸ਼ਾਂਤੀ ਮਿਲਦੀ ਹੈ। ਹੋਠਾਂ 'ਤੇ ਮੁਰਲੀ ਮਧੁਰ ਸੰਗੀਤ ਦੀ ਚਿੰਨ੍ਹ। ਮਸਤਕ ਉਪਰ ਮੋਰ ਪੰਖ, ਗਲੇ ਵਿਚ ਮਾਲਾ, ਨਾਲ ਨਾਲ ਗਊ (ਗਾਂ) ਇਹ ਸਭ ਚਿੰਨ੍ਹ ਸ਼ਾਂਤੀ ਅਤੇ ਸੁਖਦ ਪ੍ਰੇਮ ਨੂੰ ਦਰਸਾਂਦੇ ਹਨ।

ਭਗਤੀ ਅਤੇ ਗਿਆਨ ਜਿਸਨੇ ਵੀ ਜੀਵਨ ਵਿਚ ਉਤਾਰਿਆ ਹੈ ਐਸੋ ਨਿਸ਼ਕਾਮ ਕਰਮਯੋਗੀ ਦੀ ਜਾਣਕਾਰੀ ਸ਼੍ਰੀ ਕ੍ਰਿਸ਼ਨ ਨੇ ਗੀਤਾ ਵਿਚ ਦਿੱਤੀ ਹੈ। ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਗੋਪੀਆਂ ਉਨ੍ਹਾਂ ਦੇ ਵਿਸ਼ੇਸ ਗੁਣ ਹਨ। ਭਗਵਾਨ ਸ਼੍ਰੀ ਕ੍ਰਿਸ਼ਨ ਦੇ ਗੁਣਾਂ ਨੂੰ ਹੀ ਗੋਪੀਆਂ ਕਹਿੰਦੇ ਹਨ। ਕ੍ਰਿਸ਼ਨ ਭਗਵਾਨ ਭਾਰਤ ਦੇ ਯੁੱਗ ਪੁਰਸ਼ ਸਨ।

ਅੱਜ ਦੇ ਦਿਨ ਸਾਰੇ ਭਾਰਤ ਵਾਸੀਆਂ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਦਰਸ਼ਨ ਸਾਸ਼ਤਰ ਉਪਰ ਚੱਲਣਾ ਚਾਹੀਦਾ ਹੈ। ਜਾਤ-ਪਾਤ, ਰੰਗ ਰੂਪ, ਵਰਣ ਭੇਣ ਛੱਡ ਕੇ ਭਾਰਤ ਦੇ ਸੱਚੇ ਕਰਮਸ਼ੀਲ ਬਣਨਾ ਚਾਹੀਦਾ ਹੈ। ਜਨਮ ਅਸ਼ਟਮੀ ਮਨਾਓ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਹੋ ਜਾਚ।

ਬਲਵਿੰਦਰ 'ਬਾਲਮ'
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ.98156-25409

ਸਾਧੂ ਦਾ ਭੇਸ ਤੇ ਨੀਅਤ ਘਰ ਲੁੱਟਣ ਦੀ !



ਜੱਸਪ੍ਰੀਤ ਸਿੰਘ "ਧਿੰਜਣ"

ਖੈਰ ਮੰਗਣ ਵਾਲੇ ਬਹੁਰੂਪੀਏ ਬਣ ਰਹੇ ਨੇ ਚਿੰਤਾ ਦਾ ਕਾਰਨ, ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ..

ਕਦੇ ਦਰਵਾਜ਼ੇ 'ਤੇ ਆ ਕੇ "ਅਲਖ ਨਿਰੰਜਨ"ਜਾਂ "ਬਾਬਾ ਜੀ, ਕੁਝ ਖੈਰ ਪਾ ਦਿਓ"ਦੀ ਆਵਾਜ਼ ਸੁਣ ਕੇ ਲੋਕ ਸ਼ਰਧਾ ਨਾਲ ਘਰੋਂ ਬਾਹਰ ਆ ਜਾਂਦੇ ਸਨ। ਪਰ ਬਦਲਦੇ ਸਮੇਂ ਦੇ ਨਾਲ ਇਸ ਸਾਦਗੀ ਦਾ ਕੁਝ ਲੋਕ ਕਥਿਤ ਤੌਰ 'ਤੇ ਗਲਤ ਫਾਇਦਾ ਉਠਾ ਰਹੇ ਹਨ। ਸਾਧੂਆਂ, ਫਕੀਰਾਂ ਜਾਂ ਖੈਰ ਮੰਗਣ ਵਾਲਿਆਂ ਦਾ ਭੇਸ ਬਦਲ ਕੇ ਘਰਾਂ ਦੀ ਰੇਕੀ ਕਰਨ ਅਤੇ ਮੌਕਾ ਮਿਲਣ 'ਤੇ ਚੋਰੀ ਜਾਂ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀਆਂ ਸ਼ਿਕਾਇਤਾਂ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ।

ਇਹ ਲੋਕ ਕਈ ਵਾਰ ਸਿਰ 'ਤੇ ਜਟਾਂ, ਗੇਰੂਏ ਕੱਪੜੇ, ਹੱਥ ਵਿੱਚ ਕਮੰਡਲ ਜਾਂ ਕੋਈ ਧਾਰਮਿਕ ਸਮੱਗਰੀ ਲੈ ਕੇ ਘਰਾਂ ਦੇ ਦਰਵਾਜ਼ਿਆਂ ਤੱਕ ਪਹੁੰਚਦੇ ਹਨ। ਪਹਿਲੀ ਨਜ਼ਰ ਵਿੱਚ ਉਹ ਆਮ ਸਾਧੂ ਜਾਂ ਖੈਰ ਮੰਗਣ ਵਾਲੇ ਜਾਪਦੇ ਹਨ। ਪਰ ਲੋਕਾਂ ਦਾ ਦੋਸ਼ ਹੈ ਕਿ ਕੁਝ ਸ਼ੱਕੀ ਵਿਅਕਤੀ ਘਰ ਵਿੱਚ ਕੌਣ ਰਹਿੰਦਾ ਹੈ, ਕੌਣ ਬਾਹਰ ਗਿਆ ਹੋਇਆ ਹੈ, ਘਰ ਵਿੱਚ ਬਜ਼ੁਰਗ ਜਾਂ ਇਕੱਲੀਆਂ ਔਰਤਾਂ ਹਨ ਜਾਂ ਨਹੀਂ ਅਤੇ ਘਰ ਦੀ ਬਣਤਰ ਕਿਹੋ ਜਿਹੀ ਹੈ—ਇਸ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ।

ਭੋਲੇਪਣ ਦਾ ਫਾਇਦਾ ਨਾ ਚੁੱਕਣ ਦਿਓ

ਪਿੰਡਾਂ ਅਤੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਅਕਸਰ ਲੋਕ ਧਾਰਮਿਕ ਭਾਵਨਾਵਾਂ ਕਾਰਨ ਦਰਵਾਜ਼ਾ ਤੁਰੰਤ ਖੋਲ੍ਹ ਲੈਂਦੇ ਹਨ। ਇਹੀ ਭੋਲੇਪਣ ਕਈ ਵਾਰ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਕਿਸੇ ਵੀ ਅਣਜਾਣ ਵਿਅਕਤੀ ਨੂੰ ਸਿਰਫ਼ ਭੇਸ ਦੇ ਆਧਾਰ 'ਤੇ ਭਰੋਸੇਯੋਗ ਨਾ ਸਮਝਿਆ ਜਾਵੇ।

ਸਾਵਧਾਨੀ ਦਾ ਮਤਲਬ ਇਹ ਨਹੀਂ ਕਿ ਹਰ ਸਾਧੂ ਜਾਂ ਖੈਰ ਮੰਗਣ ਵਾਲੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਵੇ। ਸਗੋਂ ਲੋੜ ਇਸ ਗੱਲ ਦੀ ਹੈ ਕਿ ਅਣਜਾਣ ਵਿਅਕਤੀ ਪ੍ਰਤੀ ਸਚੇਤ ਰਹਿੰਦੇ ਹੋਏ ਆਪਣੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ।

ਘਰਾਂ ਦੀ ਸੁਰੱਖਿਆ ਲਈ ਇਹ ਸਾਵਧਾਨੀਆਂ ਜ਼ਰੂਰੀ

- ਅਣਜਾਣ ਵਿਅਕਤੀ ਨੂੰ ਘਰ ਅੰਦਰ ਦਾਖਲ ਨਾ ਹੋਣ ਦਿਓ।
- ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਵਿਅਕਤੀ ਦੀ ਪਛਾਣ ਬਾਰੇ ਪੁੱਛਗਿੱਛ ਕਰੋ।
- ਜੇ ਕੋਈ ਵਿਅਕਤੀ ਵਾਰ-ਵਾਰ ਇਲਾਕੇ ਵਿੱਚ ਘੁੰਮਦਾ ਦਿਖਾਈ ਦੇਵੇ ਤਾਂ ਉਸ 'ਤੇ ਨਜ਼ਰ ਰੱਖੋ।
- ਘਰ ਦੇ ਅੰਦਰ ਰੱਖੇ ਗਹਿਣਿਆਂ, ਨਕਦੀ ਜਾਂ ਕੀਮਤੀ ਸਮਾਨ ਬਾਰੇ ਕਿਸੇ ਅਣਜਾਣ ਵਿਅਕਤੀ ਸਾਹਮਣੇ ਗੱਲ ਨਾ ਕਰੋ।
- ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਅਜਿਹੇ ਮਾਮਲਿਆਂ ਬਾਰੇ ਜਾਗਰੂਕ ਕਰੋ।
- ਘਰ ਦੇ ਬਾਹਰ 33"੭ ਕੈਮਰੇ ਲਗਾਉਣਾ ਵੀ ਸੁਰੱਖਿਆ ਲਈ ਮਦਦਗਾਰ ਹੋ ਸਕਦਾ ਹੈ।
- ਕਿਸੇ ਵਿਅਕਤੀ ਦੀਆਂ ਹਰਕਤਾਂ ਸ਼ੱਕੀ ਲੱਗਣ 'ਤੇ ਉਸ ਨਾਲ ਬਹਿਸ ਜਾਂ ਟਕਰਾਅ ਕਰਨ ਦੀ ਬਜਾਏ ਤੁਰੰਤ ਪੁਲਿਸ ਨੂੰ ਸੂਚਿਤ ਕਰੋ।
- ਜੇ ਕਿਸੇ ਇਲਾਕੇ ਵਿੱਚ ਸ਼ੱਕੀ ਵਿਅਕਤੀਆਂ ਦੀ ਆਵਾਜਾਈ ਵਧੇ ਤਾਂ ਗੁਆਂਢੀਆਂ ਨੂੰ ਵੀ ਜਾਣਕਾਰੀ ਦਿਓ।

ਸ਼ਰਧਾ ਆਪਣੀ ਥਾਂ, ਸੁਰੱਖਿਆ ਆਪਣੀ ਥਾਂ

ਸਾਡੇ ਸਮਾਜ ਵਿੱਚ ਸਾਧੂ-ਸੰਤਾਂ ਅਤੇ ਧਾਰਮਿਕ ਲੋਕਾਂ ਪ੍ਰਤੀ ਸਤਿਕਾਰ ਦੀ ਲੰਮੀ ਪਰੰਪਰਾ ਹੈ। ਇਸ ਸਤਿਕਾਰ ਨੂੰ ਕਾਇਮ ਰੱਖਦੇ ਹੋਏ ਵੀ ਇਹ ਜ਼ਰੂਰੀ ਹੈ ਕਿ ਕਿਸੇ ਦੇ ਭੇਸ ਨੂੰ ਉਸਦੀ ਨੀਅਤ ਦੀ ਗਾਰੰਟੀ ਨਾ ਸਮਝਿਆ ਜਾਵੇ।

ਇੱਕ ਛੋਟੀ ਜਿਹੀ ਸਾਵਧਾਨੀ ਵੱਡੇ ਨੁਕਸਾਨ ਤੋਂ ਬਚਾ ਸਕਦੀ ਹੈ। ਘਰ ਦਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਕੁਝ ਪਲ ਸੋਚਣਾ, ਅਣਜਾਣ ਵਿਅਕਤੀ ਨੂੰ ਘਰ ਅੰਦਰ ਨਾ ਆਉਣ ਦੇਣਾ ਅਤੇ ਸ਼ੱਕ ਹੋਣ 'ਤੇ ਪੁਲਿਸ ਨੂੰ ਜਾਣਕਾਰੀ ਦੇਣਾ—ਇਹ ਕਦਮ ਕਿਸੇ ਵੀ ਪਰਿਵਾਰ ਦੀ ਸੁਰੱਖਿਆ ਲਈ ਬੇਹੱਦ ਮਹੱਤਵਪੂਰਨ ਹਨ।

ਭੇਸ ਕੋਈ ਵੀ ਹੋਵੇ, ਸਾਵਧਾਨੀ ਵਿੱਚ ਕਦੇ ਲਾਪਰਵਾਹੀ ਨਹੀਂ ਹੋਣੀ ਚਾਹੀਦੀ।

ਅਸੀਂ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ ਪਰ ਜੇ ਅਸੀਂ ਜਾਗਰੂਪ ਹੋਵਾਂਗੇ ਤਾਂ ਹੀਂ ਸਮਾਜ ਵਿੱਚ ਜਿਉਂਣ ਜੋਗੇ ਹੋਵਾਂਗੇ .

ਪੰਜਾਬ ਜ਼ਿੰਦਾਬਾਦ , ਭਾਰਤ ਜ਼ਿੰਦਾਬਾਦ .,

ਕਵਿਤਾ

ਕਰਮਠਤਾ ਦੀ ਜੋਤ ਜਗਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਗੀਤਾ ਦਾ ਉਪਦੇਸ਼ ਸੁਣਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਮਾਨਵਤਾ ਵਿਚ ਸ਼ਕਤੀ ਭਗਤੀ ਸੰਜਮ ਉਦਮ ਲੈਕੇ,
ਯੁੱਗ ਯੁਗਾਂ ਤਕ ਆਵਣ ਜਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਸ਼ੁੱਭ ਇਛਾਵਾਂ ਅੰਦਰ ਰਹਿਮਤ ਵਾਲੀ ਇੱਕ ਅਹੂਤੀ,
ਘਰ ਘਰ ਦੀ ਉਨਤੀ ਵਿਚ ਪਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਭਾਰਤ ਦੇਸ਼ ਪਿਆਰਾ ਲਗਦਾ ਸਭ ਤੋਂ ਵਧ ਨਿਆਰਾ,
ਬਾਂਸੁਰੀ ਦੇ ਹਰ ਸੁਰ ਵਿਚ ਗਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਵੱਖ-ਵੱਖ ਫੁੱਲਾਂ ਦਾ ਗੁਲਦਸਤਾ ਸੋਹਣਾ ਲਗਦਾ, ਜਚਦਾ,
ਏਕੇ ਦਾ ਸ਼ੁਧ ਪਾਠ ਪੜ੍ਹਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਉਸ ਦੇ ਇਕ ਆਕਾਰ 'ਚ ਸਾਰੀ ਕਾਇਨਾਤ ਸਰਿਸ਼ਟੀ,
ਓਮ ਸ਼ਿਰੀ ਦੇ ਅਰਥ ਸਿਖਾਵਣ ਸ਼੍ਰੀ ਕ੍ਰਿਸ਼ਨ ਭਗਵਾਨ।
ਅਪਣੇ ਇਕ ਸੁਦਰਸ਼ਨ ਚੱਕਰ ਨਾਲ ਕਰਨ ਇੰਨਸਾਫ਼,
ਆਪੇ ਜਿੱਤਣ ਆਪੇ ਹਾਰਣ ਸ਼੍ਰੀ ਕ੍ਰਿਸ਼ਨ ਭਗਵਾਨ।
ਸ਼ਸ਼ਤਰ ਵਿਦਿਆ ਸ਼ਾਸ਼ਤਰ ਵਿਦਿਆ ਗਿਆਨ ਅਤੇ ਵਿਗਿਆਨ,
ਭਾਰਤ ਦੇ ਸਿਰ ਮੁਕਟ ਸਜਾਵਟ ਸ਼੍ਰੀ ਕ੍ਰਿਸ਼ਨ ਭਗਵਾਨ,
'ਬਾਲਮ' ਜਾਤੀ ਧਰਮ ਮਿਟਾ ਕੇ ਯਾਰ ਸੁਦਾਮਾ ਪਾ ਕੇ,
ਤਾਂ ਹੀ ਖ਼ੁਦ ਭਗਵਾਨ ਕਹਾਵਣ ਸ਼੍ਰੀ ਕ੍ਰਿਸ਼ਨ ਭਗਵਾਨ।


-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ

ਪੀ.ਜੀ.ਆਈ.ਐਮ.ਈ.ਆਰ. ਵਿੱਚ ਸਾਈਬਰ ਸੁਰੱਖਿਆ ਤੇ ਸਾਈਬਰ ਹਾਈਜੀਨ 'ਤੇ ਵਰਕਸ਼ਾਪ

ਚੰਡੀਗੜ੍ਹ, 3 ਸਤੰਬਰ (ਪੈ.ਗਾਮ-ਏ-ਜਗਤ)

ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਨੇ 03.09.2026 ਨੂੰ IT ਅਤੇ ਸਾਈਬਰ ਸੁਰੱਖਿਆ ਅਤੇ ਸਾਈਬਰ ਸਫਾਈ÷ ਵਿਸ਼ੇ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। *ਇਹ ਪਹਿਲ ਕੇਂਦਰੀ ਵਿਜੀਲੈਂਸ ਕਮਿਸ਼ਨ, ਨਵੀਂ ਦਿੱਲੀ ਦੇ ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤੀ ਗਈ ਸੀ, ਜਿਸ ਨੇ ਸਾਰੇ ਸੰਗਠਨਾਂ ਨੂੰ 17 ਅਗਸਤ, 2026 ਤੋਂ 16 ਨਵੰਬਰ, 2026 ਤੱਕ ਤਿੰਨ ਮਹੀਨਿਆਂ ਦੀ ਮੁਹਿੰਮ ਚਲਾਉਣ ਦੀ ਸਲਾਹ ਦਿੱਤੀ ਹੈ। ਨਵੀਨ ਬਿੰਦਰਾ, ਸਿਸਟਮ ਵਿਸ਼ਲੇਸ਼ਕ ਨੇ ਸਾਈਬਰ ਸੁਰੱਖਿਆ ਅਤੇ ਸਾਈਬਰ ਸਫਾਈ ਦੇ ਵੱਖ-ਵੱਖ ਪਹਿਲੂਆਂ 'ਤੇ ਇੱਕ ਵਿਆਪਕ ਅਤੇ ਸੂਝਵਾਨ ਪੇਸ਼ਕਾਰੀ ਦਿੱਤੀ। ਅਧਿਕਾਰੀ ਦੁਆਰਾ ਪਾਵਰਪੁਆਇੰਟ ਪੇਸ਼ਕਾਰੀ ਦਾ ਉਦੇਸ਼ ਕਰਮਚਾਰੀਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਸੀ, ਜੋ ਸੰਸਥਾ ਦੇ ਚੱਲ ਰਹੇ ਸਮਰੱਥਾ-ਨਿਰਮਾਣ ਯਤਨਾਂ ਵਿੱਚ ਯੋਗਦਾਨ ਪਾਉਂਦਾ ਸੀ। *ਵਰਕਸ਼ਾਪ ਵਿੱਚ 80 ਵਿਅਕਤੀਆਂ ਨੇ ਸਰਗਰਮ ਭਾਗੀਦਾਰੀ ਕੀਤੀ, ਜਿਨ੍ਹਾਂ ਵਿੱਚ ਡਾਕਟਰ, ਨਰਸਿੰਗ ਸਟਾਫ, ਪੈਰਾ ਮੈਡੀਕਲ ਕਰਮਚਾਰੀ ਅਤੇ ਪ੍ਰਸ਼ਾਸਨਿਕ ਕਰਮਚਾਰੀ ਸ਼ਾਮਲ ਸਨ। ਇਹ ਪਹਿਲਕਦਮੀ ਸੰਸਥਾਗਤ ਸਮਰੱਥਾ ਬਣਾਉਣ ਅਤੇ ਰੋਕਥਾਮ ਚੌਕਸੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਪੀ.ਜੀ.ਆਈ.ਐਮ.ਈ.ਆਰ. ਦੇ ਸਮਰਪਣ ਨੂੰ ਉਜਾਗਰ ਕਰਦੀ ਹੈ, ਜੋ ਕਿ ਨੈਤਿਕ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਸੰਸਥਾ ਦੀ ਸਮੁੱਚੀ ਕੁਸ਼ਲਤਾ ਨੂੰ ਵਧਾਉਣ ਲਈ ਮਹੱਤਵਪੂਰਨ ਹੈ।

ਡਾ. ਪ੍ਰਦੀਪ ਸ਼ਰਮਾ 'ਸਨੇਹੀ' ਦੀ ਪੁਸਤਕ 'ਦੇਸ਼ ਕਾ ਗੌਰਵ-ਹਰਿਆਣਵੀ ਪੁਰਸ਼ ਖਿਡਾਰੀ' ਹੋਈ ਰਿਲੀਜ਼



ਪੈ.ਗਾਮ-ਏ-ਜਗਤ/ਅੰਬਾਲਾ
3 ਸਤੰਬਰ (ਆਰ.ਸਿੰਘ)

ਐਸ.ਏ.ਜੈਨ ਕਾਲਜ ਅੰਬਾਲਾ ਸ਼ਹਿਰ ਦੇ ਸਾਬਕਾ ਪ੍ਰਿੰਸੀਪਲ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੀ ਸਪੋਰਟਸ ਕੌਂਸਲ ਦੇ ਸਾਬਕਾ ਚੇਅਰਮੈਨ ਡਾ. ਪ੍ਰਦੀਪ ਸ਼ਰਮਾ 'ਸਨੇਹੀ' ਦੁਆਰਾ ਲਿਖੀ ਪੁਸਤਕ ÷ਦੇਸ਼ ਕਾ ਗੌਰਵ: ਹਰਿਆਣਵੀ ਪੁਰਸ਼ ਖਿਡਾਰੀ÷ ਨੂੰ ਕਾਲਜ ਵਿਚ ਇਕ ਸਮਾਗਮ ਦੌਰਾਨ ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਵਾਲੀਬਾਲ ਖਿਡਾਰੀ ਅਤੇ ਅਰਜੁਨ ਐਵਾਰਡੀ ਡਾ. ਦਲੇਲ ਸਿੰਘ ਨੇ ਰਿਲੀਜ਼ ਕੀਤੀ। ਉਨ੍ਹਾਂ ਦੇ ਨਾਲ ਪ੍ਰਿੰਸੀਪਲ ਡਾ. ਵਿਨੀਤ ਜੈਨ, ਖੇਡ ਵਿਭਾਗ ਦੇ ਮੁਖੀ ਡਾ. ਸੁਰਿੰਦਰ ਤੰਵਰ ਅਤੇ ਦੇਵ ਸਮਾਜ ਕਾਲਜ ਦੀ ਸਾਬਕਾ ਪ੍ਰਿੰਸੀਪਲ ਅਨੀਤਾ ਸਨੇਹੀ ਵੀ ਮੌਜੂਦ ਸਨ।

ਡਾ. ਦਲੇਲ ਸਿੰਘ ਨੇ ਕਿਹਾ ਕਿ ਡਾ. ਸਨੇਹੀ ਦੀ ਇਹ ਪੁਸਤਕ ਹਰਿਆਣਾ ਦੇ ਖੇਡ ਇਤਿਹਾਸ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਕਿਹਾ ਜਾ ਸਕਦਾ ਹੈ। ਇਸ ਵਿਚ ਓਲੰਪਿਕ, ਵਿਸ਼ਵ ਚੈਂਪੀਅਨਸ਼ਿਪ, ਏਸ਼ੀਆਈ ਖੇਡਾਂ ਅਤੇ ਰਾਸ਼ਟਰਮੰਡਲ ਖੇਡਾਂ ਸਮੇਤ 16 ਖੇਡਾਂ ਦੇ 104 ਖਿਡਾਰੀਆਂ ਦੀਆਂ ਪ੍ਰਾਪਤੀਆਂ, ਤਗਮੇ, ਸੰਘਰਸ਼ ਅਤੇ ਸਨਮਾਨਾਂ ਦਾ ਵੇਰਵਾ ਦਿੱਤਾ ਗਿਆ ਹੈ।

ਪ੍ਰੋਗਰਾਮ ਦਾ ਸੰਚਾਲਨ ਸੁਰਿੰਦਰ ਤੰਵਰ ਨੇ ਕੀਤਾ। ਡਾ. ਵਿਨੀਤ ਜੈਨ ਅਤੇ ਡਾ. ਸੁਰਿੰਦਰ ਤੰਵਰ ਨੇ ਡਾ. ਦਲੇਲ ਸਿੰਘ, ਡਾ. ਪ੍ਰਦੀਪ ਸ਼ਰਮਾ ਸਨੇਹੀ ਅਤੇ ਅਨੀਤਾ ਸਨੇਹੀ ਨੂੰ ਸਨਮਾਨਿਤ ਕੀਤਾ।

ਜ਼ਿਕਰਯੋਗ ਹੈ ਕਿ ਡਾ. ਸਨੇਹੀ ਦੀ ਇਹ 24ਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਹਰਿਆਣਵੀ ਮਹਿਲਾ ਖਿਡਾਰੀਆਂ ਬਾਰੇ ਪੁਸਤਕ ÷ਦੇਸ਼ ਕਾ ਗੌਰਵ: ਹਰਿਆਣਵੀ ਮਹਿਲਾ ਖਿਡਾਰੀ÷ ਵੀ ਲਿਖ ਚੁੱਕੇ ਹਨ ਜੋ ਹਰਿਆਣਾ ਗ੍ਰੰਥ ਅਕੈਡਮੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ।

ਹੜਤਾਲੀ ਸਫਾਈ ਕਰਮਚਾਰੀਆਂ ਨੂੰ 5 ਸਤੰਬਰ ਤੱਕ ਡਿਊਟੀ 'ਤੇ ਵਾਪਸ ਆਉਣ ਦਾ ਨਿਰਦੇਸ਼: ਸਲੋਨੀ ਸ਼ਰਮਾ, ਨਗਰ ਨਿਗਮ ਕਮਿਸ਼ਨਰ

ਪੈ.ਗਾਮ-ਏ-ਜਗਤ/ਕਰਨਾਲ
3 ਸਤੰਬਰ (ਪ੍ਰਵੀਨ ਵਾਲੀਆ)

ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਕਿਹਾ ਕਿ, ਹਰਿਆਣਾ ਸਰਕਾਰ ਦੇ ਸ਼ਹਿਰੀ ਸਥਾਨਕ ਸੰਸਥਾਵਾਂ ਵਿਭਾਗ ਦੁਆਰਾ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਕਰਨਾਲ ਨਗਰ ਨਿਗਮ ਵਿਖੇ ਹੜਤਾਲ 'ਤੇ ਚੱਲ ਰਹੇ ਸਫਾਈ ਕਰਮਚਾਰੀਆਂ ਨੂੰ 5 ਸਤੰਬਰ, 2026 ਤੱਕ ਡਿਊਟੀ 'ਤੇ ਵਾਪਸ ਆਉਣ ਦਾ ਨਿਰਦੇਸ਼

• ਨਿਰਧਾਰਤ ਸਮਾਂ ਸੀਮਾ ਤੱਕ ਡਿਊਟੀ 'ਤੇ ਵਾਪਸ ਆਉਣ ਵਾਲੇ ਕਰਮਚਾਰੀਆਂ ਵਿਰੁੱਧ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ

ਦਿੱਤਾ ਗਿਆ ਹੈ। ਨਿਯਮਾਂ ਅਨੁਸਾਰ, ਨਿਰਧਾਰਤ ਸਮੇਂ ਤੱਕ ਡਿਊਟੀ 'ਤੇ ਵਾਪਸ ਆਉਣ ਵਾਲੇ ਕਰਮਚਾਰੀਆਂ ਵਿਰੁੱਧ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਵਿਭਾਗ ਦੁਆਰਾ 2 ਸਤੰਬਰ, 2026 ਨੂੰ ਜਾਰੀ ਇੱਕ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਫਾਈ ਕਾਰਜ ਇੱਕ ਜ਼ਰੂਰੀ ਸੇਵਾ ਹੈ। ਸ਼ਹਿਰਾਂ ਵਿੱਚ ਸਫਾਈ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣਾ ਨਗਰ ਨਿਗਮ ਸੰਸਥਾਵਾਂ ਦੀ ਇੱਕ ਮੁੱਢਲੀ ਜ਼ਿੰਮੇਵਾਰੀ ਅਤੇ ਫਰਜ਼ ਹੈ। ਹਰਿਆਣਾ ਨਗਰ ਨਿਗਮ ਐਕਟ, 1973 ਦੀ ਧਾਰਾ 47 ਅਤੇ ਹਰਿਆਣਾ ਜ਼ਰੂਰੀ ਸੇਵਾਵਾਂ ਰੱਖ-ਰਖਾਅ ਐਕਟ, 1974 ਦੇ ਉਪਬੰਧਾਂ ਦਾ ਹਵਾਲਾ ਦਿੰਦੇ ਹੋਏ, ਵਿਭਾਗ ਨੇ ਸਫਾਈ ਸੇਵਾਵਾਂ ਦੇ ਵਰਗੀਕਰਨ ਨੂੰ ਜ਼ਰੂਰੀ ਵਜੋਂ ਦੁਹਰਾਇਆ ਹੈ।

6 ਅਗਸਤ ਤੋਂ ਹੜਤਾਲੀ ਕਰਮਚਾਰੀ ਡਿਊਟੀ ਤੋਂ ਗੈਰਹਾਜ਼ਰ

ਨਗਰ ਨਿਗਮ ਕਮਿਸ਼ਨਰ ਨੇ ਕਿਹਾ ਕਿ ਨਗਰ ਨਿਗਮ ਸੰਸਥਾਵਾਂ ਦੁਆਰਾ ਨਿਯਮਤ ਤੌਰ 'ਤੇ ਨਿਯੁਕਤ ਸਫਾਈ ਕਰਮਚਾਰੀ ਅਤੇ ਸੀਵਰਮੈਨ 6 ਅਗਸਤ, 2026 ਤੋਂ ਬਿਨਾਂ ਕਿਸੇ ਸਮਰੱਥ ਅਧਿਕਾਰੀ ਦੀ ਆਗਿਆ ਜਾਂ ਪੂਰਵ ਸੂਚਨਾ ਦੇ, ਲਗਾਤਾਰ ਡਿਊਟੀ ਤੋਂ ਗੈਰਹਾਜ਼ਰ ਰਹੇ ਹਨ ਅਤੇ ਹੜਤਾਲ ਵਿੱਚ ਹਿੱਸਾ ਲੈ ਰਹੇ ਹਨ। ਇਸ ਨਾਲ ਨਾ ਸਿਰਫ ਸਫਾਈ ਸੇਵਾਵਾਂ ਵਿੱਚ ਵਿਘਨ ਪਿਆ ਹੈ ਬਲਕਿ ਨਿਗਮ ਦੇ ਸਫਾਈ ਸਰੋਤਾਂ, ਉਪਕਰਨਾਂ ਅਤੇ ਮਸ਼ੀਨਰੀ ਦੇ ਸੰਚਾਲਨ ਵਿੱਚ ਵੀ ਰੁਕਾਵਟ ਆਈ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਫਾਈ ਸੇਵਾਵਾਂ ਸਿੱਧੇ ਤੌਰ 'ਤੇ ਨਾਗਰਿਕਾਂ ਦੀ ਸਿਹਤ ਅਤੇ ਸ਼ਹਿਰ ਦੀ ਸਫਾਈ ਨਾਲ ਜੁੜੀਆਂ ਹੋਈਆਂ ਹਨ। ਸਫਾਈ ਦੇ ਕੰਮ ਵਿੱਚ ਲੰਬੇ ਸਮੇਂ ਤੱਕ ਵਿਘਨ ਪੈਣ ਨਾਲ ਕੂੜਾ ਇਕੱਠਾ ਹੋ ਸਕਦਾ ਹੈ ਅਤੇ ਬਿਮਾਰੀਆਂ ਫੈਲਣ ਦਾ ਖ਼ਤਰਾ ਹੋ ਸਕਦਾ ਹੈ। ਸਿੱਟੇ ਵਜੋਂ, ਸਫਾਈ ਸੇਵਾਵਾਂ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣਾ ਨਗਰ ਨਿਗਮ ਪ੍ਰਸ਼ਾਸਨ ਲਈ ਇੱਕ ਪ੍ਰਮੁੱਖ ਤਰਜੀਹ ਹੈ।

ਮਾਨਯੋਗ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ। ਉਨ੍ਹਾਂ ਦੱਸਿਆ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੇ 18 ਅਗਸਤ, 2026 ਨੂੰ ਸਿਵਲ ਰਿੱਟ ਪਟੀਸ਼ਨ ਨੰਬਰ 229 ਆਫ 2026 ਵਿੱਚ ਨਿਰਦੇਸ਼ ਜਾਰੀ ਕੀਤੇ ਸਨ, ਜਿਸ ਵਿੱਚ ਸ਼ਹਿਰਾਂ ਵਿੱਚ ਸਹੀ ਸਫਾਈ ਯਕੀਨੀ ਬਣਾਉਣ ਲਈ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਹਰਿਆਣਾ ਸਰਕਾਰ ਨੇ ਸਾਰੇ ਨਗਰ ਨਿਗਮਾਂ ਦੇ ਕਮਿਸ਼ਨਰਾਂ ਅਤੇ ਜ਼ਿਲ੍ਹਾ ਨਗਰ ਨਿਗਮ ਕਮਿਸ਼ਨਰਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।



5 ਸਤੰਬਰ ਤੱਕ ਡਿਊਟੀ 'ਤੇ ਲਾਜ਼ਮੀ ਵਾਪਸੀ:

ਨਗਰ ਨਿਗਮ ਕਮਿਸ਼ਨਰ ਨੇ ਕਿਹਾ ਕਿ, ਸਰਕਾਰੀ ਨਿਰਦੇਸ਼ਾਂ ਦੇ ਅਨੁਸਾਰ, ਹੜਤਾਲ 'ਤੇ ਮੌਜੂਦ ਸਾਰੇ ਕਰਮਚਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ 5 ਸਤੰਬਰ, 2026 ਤੱਕ ਬਿਨਾਂ ਕਿਸੇ ਅਸਫਲਤਾ ਦੇ ਡਿਊਟੀ 'ਤੇ ਰਿਪੋਰਟ ਕਰਨੀ ਚਾਹੀਦੀ ਹੈ। ਕਰਨਾਲ ਨਗਰ ਨਿਗਮ ਨੇ ਸਫਾਈ ਵਿਭਾਗ ਦੇ ਅਧਿਕਾਰੀਆਂ ਅਤੇ ਜ਼ੋਨਲ ਇੰਚਾਰਜਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਆਪਣੇ-ਆਪਣੇ ਜ਼ੋਨਾਂ ਵਿੱਚ ਸਾਰੇ ਸਫਾਈ ਕਰਮਚਾਰੀਆਂ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਰੋਜ਼ਾਨਾ ਹਾਜ਼ਰੀ ਰਿਪੋਰਟਾਂ ਜਮ?ਹਾਂ ਕਰਾਉਣ।

ਸ਼ਹਿਰ ਦੀ ਸਫਾਈ ਨਾਲ ਕੋਈ ਸਮਝੌਤਾ ਨਹੀਂ

ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਕਿਹਾ ਕਿ ਨਗਰ ਨਿਗਮ ਪ੍ਰਸ਼ਾਸਨ ਦਾ ਉਦੇਸ਼ ਸ਼ਹਿਰ ਦੇ ਵਸਨੀਕਾਂ ਲਈ ਇੱਕ ਸਾਫ਼ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਕਰਨਾ ਹੈ। ਕਿਉਂਕਿ ਸਫਾਈ ਇੱਕ ਜ਼ਰੂਰੀ ਸੇਵਾ ਹੈ, ਇਸ ਲਈ ਇਸ ਵਿੱਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਸਬੰਧਤ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਅਤੇ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ, ਨਿਰਧਾਰਤ ਸਮਾਂ ਸੀਮਾ ਦੇ ਅੰਦਰ ਡਿਊਟੀ 'ਤੇ ਵਾਪਸ ਆਉਣ ਅਤੇ ਸ਼ਹਿਰ ਦੀ ਸਫਾਈ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਬਣਾਈ ਰੱਖਣ ਵਿੱਚ ਸਹਿਯੋਗ ਕਰਨ।

ਮਨੂੰਸਮ੍ਰਿਤੀ ਦੀਆਂ ਕਾਪੀਆਂ ਸਾੜਨ ਦੇ ਮਾਮਲੇ ਵਿੱਚ ਬ੍ਰਾਹਮਣ ਕਲਿਆਣ ਸਭਾ ਵੱਲੋਂ ਵਿਰੋਧ, ਨਿਰਪੱਖ ਜਾਂਚ ਦੀ ਮੰਗ



ਸੰਤੋਸ਼ਗੜ੍ਹ/ਊਨਾ, 03 ਸਤੰਬਰ
(ਪੈ.ਗਾਮ-ਏ-ਜਗਤ)

ਬ੍ਰਾਹਮਣ ਕਲਿਆਣ ਸਭਾ, ਸੰਤੋਸ਼ਗੜ੍ਹ ਦੇ ਅਹੁਦੇਦਾਰਾਂ ਨੇ ਅੱਜ ਨਗਰ ਵਿੱਚ ਇੱਕ ਅਹਿਮ ਮੀਟਿੰਗ ਕਰਕੇ ਊਨਾ ਵਿੱਚ ਕਰਵਾਏ ਗਏ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਕਥਿਤ ਤੌਰ 'ਤੇ ਮਨੂੰਸਮ੍ਰਿਤੀ ਦੀਆਂ ਕਾਪੀਆਂ ਸਾੜੇ ਜਾਣ ਦਾ ਪੁਰਜ਼ੋਰ ਵਿਰੋਧ ਕੀਤਾ। ਸਭਾ ਦੇ ਅਹੁਦੇਦਾਰਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਦੋਸ਼ ਸੱਚ ਸਾਬਤ ਹੋਣ 'ਤੇ ਸਬੰਧਤ ਵਿਅਕਤੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ।

ਸਭਾ ਦੇ ਅਹੁਦੇਦਾਰਾਂ ਦਾ ਦੋਸ਼ ਹੈ ਕਿ ਬੀਤੇ ਦਿਨੀਂ ਊਨਾ ਵਿੱਚ ਕਰਵਾਏ ਗਏ ਵਿਰੋਧ ਪ੍ਰਦਰਸ਼ਨ ਦੌਰਾਨ ਯੂਥ ਕਾਂਗਰਸ ਨਾਲ ਜੁੜੇ ਕੁਝ ਅਹੁਦੇਦਾਰਾਂ ਵੱਲੋਂ ਕਥਿਤ ਤੌਰ 'ਤੇ ਮਨੂੰਸਮ੍ਰਿਤੀ ਦੀਆਂ ਕਾਪੀਆਂ ਜਨਤਕ ਤੌਰ 'ਤੇ ਸਾੜੀਆਂ ਗਈਆਂ। ਸਭਾ ਅਨੁਸਾਰ, ਮਨੁਸਮ੍ਰਿਤੀ ਹਿੰਦੂ ਧਾਰਮਿਕ ਅਤੇ ਸਮਾਜਿਕ ਪਰੰਪਰਾ ਨਾਲ ਸਬੰਧਤ ਇੱਕ ਪ੍ਰਾਚੀਨ ਗ੍ਰੰਥ ਹੈ ਅਤੇ ਜਨਤਕ ਤੌਰ 'ਤੇ ਇਸ ਦੀਆਂ ਕਾਪੀਆਂ ਸਾੜੇ ਜਾਣ ਨਾਲ ਹਿੰਦੂ ਸਮਾਜ ਦੇ ਇੱਕ ਵਰਗ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਸ਼ਿਕਾਇਤ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਪ੍ਰਦਰਸ਼ਨ ਦੌਰਾਨ ਲਗਾਏ ਗਏ ਨਾਅਰਿਆਂ ਅਤੇ ਦਿੱਤੇ ਗਏ ਬਿਆਨਾਂ ਨਾਲ ਜਾਤੀ ਅਤੇ ਧਾਰਮਿਕ ਆਧਾਰ 'ਤੇ ਸਮਾਜ ਵਿੱਚ ਵੰਡ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸਭਾ ਨੇ ਖਦਸ਼ਾ ਪ੍ਰਗਟ ਕੀਤਾ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਨਾਲ ਸਮਾਜਿਕ ਭਾਈਚਾਰਾ ਪ੍ਰਭਾਵਿਤ ਹੋਣ ਅਤੇ ਵੱਖ-ਵੱਖ ਵਰਗਾਂ ਵਿਚਕਾਰ ਤਣਾਅ ਪੈਦਾ ਹੋਣ ਦੀ ਸਥਿਤੀ ਬਣ ਸਕਦੀ ਹੈ।

ਬ੍ਰਾਹਮਣ ਕਲਿਆਣ ਸਭਾ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪ੍ਰਦਰਸ਼ਨ ਨਾਲ ਸਬੰਧਤ ਵੀਡੀਓ, ਤਸਵੀਰਾਂ, ਸੋਸ਼ਲ ਮੀਡੀਆ ਪੋਸਟਾਂ ਅਤੇ ਹੋਰ ਉਪਲਬਧ ਸਬੂਤਾਂ ਦੀ ਨਿਰਪੱਖ ਜਾਂਚ ਕੀਤੀ ਜਾਵੇ। ਜੇਕਰ ਜਾਂਚ ਦੌਰਾਨ ਲਗਾਏ ਗਏ ਦੋਸ਼ ਸੱਚ ਸਾਬਤ ਹੁੰਦੇ ਹਨ ਤਾਂ ਸਬੰਧਤ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਮਾਮਲਾ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।

ਸਭਾ ਦੇ ਅਹੁਦੇਦਾਰਾਂ ਨੇ ਪ੍ਰਸ਼ਾਸਨ ਤੋਂ ਇਹ ਵੀ ਅਪੀਲ ਕੀਤੀ ਕਿ ਭਵਿੱਖ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਤੇ ਸਮਾਜਿਕ ਭਾਈਚਾਰਾ ਵਿਗਾੜਨ ਦੀ ਸੰਭਾਵਨਾ ਵਾਲੇ ਮਾਮਲਿਆਂ ਵਿੱਚ ਲੋੜੀਂਦੇ ਰੋਕਥਾਮੀ ਕਦਮ ਚੁੱਕੇ ਜਾਣ। ਸਭਾ ਨੇ ਪੁਲਿਸ ਪ੍ਰਸ਼ਾਸਨ ਤੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਲਦ ਜਾਂਚ ਕਰਕੇ ਉਚਿਤ ਕਾਰਵਾਈ ਕਰਨ ਦੀ ਮੰਗ ਕੀਤੀ।

ਇਸ ਮੌਕੇ ਬ੍ਰਾਹਮਣ ਕਲਿਆਣ ਸਭਾ ਦੇ ਪ੍ਰਧਾਨ ਸ਼ਸ਼ੀ ਕਾਂਤ, ਮਹਾਸਚਿਵ ਡਾ. ਗੁਲਸ਼ਨ ਸ਼ਰਮਾ, ਮੀਤ ਪ੍ਰਧਾਨ ਮਹੇਸ਼ ਚੱਬਾ, ਖਜ਼ਾਨਚੀ ਬਲਰਾਮ ਚੱਬਾ, ਸੀਨੀਅਰ ਮੀਤ ਪ੍ਰਧਾਨ ਦੀਪਕ ਵਾਸੁਦੇਵਾ, ਰਮੇਸ਼ ਸ਼ਰਮਾ, ਭੂਸ਼ਣ ਪਲਾਦ ਆਦਿ ਹਾਜ਼ਰ ਸਨ।

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਲਈ ਹਾਂਸੀ ਪੁਲਿਸ ਹਾਈ ਅਲਰਟ 'ਤੇ; ਸ਼ਰਧਾਲੂਆਂ ਲਈ ਸਖ਼ਤ ਸੁਰੱਖਿਆ ਪ੍ਰਬੰਧ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਹਾਂਸੀ ਦੇ ਪੁਲਿਸ ਸੁਪਰਡੈਂਟ (ਐਸਪੀ) ਵਿਨੋਦ ਕੁਮਾਰ ਦੀ ਯੋਗ ਅਗਵਾਈ ਅਤੇ ਮਾਰਗਦਰਸ਼ਨ ਹੇਠ, ਹਾਂਸੀ ਪੁਲਿਸ ਫੋਰਸ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤਿਉਹਾਰ ਨੂੰ ਸ਼ਾਂਤੀਪੂਰਨ, ਸੁਰੱਖਿਅਤ ਅਤੇ ਸਦਭਾਵਨਾਪੂਰਨ ਮਾਹੌਲ ਵਿੱਚ ਸਮਾਪਤ ਕਰਨ ਲਈ ਪੂਰੀ ਤਰ੍ਹਾਂ ਸੁਚੇਤ ਹੈ। ਜ਼ਿਲ੍ਹੇ ਭਰ ਦੇ ਵੱਖ-ਵੱਖ ਮੰਦਰਾਂ ਵਿੱਚ ਅੱਧੀ ਰਾਤ ਦੇ ਜਸ਼ਨਾਂ, ਧਾਰਮਿਕ ਰਸਮਾਂ, ਜਲੂਸਾਂ (ਝਾਕੀਆਂ) ਅਤੇ ਹੋਰ ਸਮਾਗਮਾਂ ਦੌਰਾਨ ਸ਼ਰਧਾਲੂਆਂ ਦੀ ਵੱਡੀ ਭੀੜ ਦੇ ਪ੍ਰਬੰਧਨ ਲਈ ਸਖ਼ਤ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੇ ਪ੍ਰਬੰਧ ਕੀਤੇ ਗਏ ਹਨ।

ਭਗਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪ੍ਰਮੁੱਖ ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ 'ਤੇ ਲੋੜੀਂਦੇ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਮਹਿਲਾ ਪੁਲਿਸ ਕਰਮਚਾਰੀਆਂ ਨੂੰ ਵਿਸ਼ੇਸ਼ ਡਿਊਟੀਆਂ ਸੌਂਪੀਆਂ ਗਈਆਂ ਹਨ। ਪੁਲਿਸ ਕਰਮਚਾਰੀ ਮੰਦਰ ਦੇ ਅੰਦਰ, ਪ੍ਰਵੇਸ਼ ਅਤੇ ਨਿਕਾਸ ਸਥਾਨਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਨਿਰੰਤਰ ਨਿਗਰਾਨੀ ਰੱਖਣਗੇ। ਪੁਲਿਸ ਜੇਬਕਤਰਾ, ਖੋਹ ਅਤੇ ਚੋਰੀ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਖਾਸ ਤੌਰ 'ਤੇ ਚੌਕਸ ਰਹੇਗੀ ਜੋ ਅਕਸਰ ਵੱਡੀ ਭੀੜ ਦੇ ਵਿਚਕਾਰ ਹੁੰਦੀਆਂ ਹਨ। ਸਾਦੇ ਕੱਪੜਿਆਂ ਵਾਲੇ

• ਪੁਲਿਸ ਸੁਰੱਖਿਆ ਦੇ ਨਾਲ-ਨਾਲ ਟ੍ਰੈਫਿਕ ਪ੍ਰਬੰਧਨ 'ਤੇ ਵਿਸ਼ੇਸ਼ ਧਿਆਨ ਰੱਖੇਗੀ: ਐਸਪੀ ਹਾਂਸੀ



ਪੁਲਿਸ ਕਰਮਚਾਰੀ ਕਿਸੇ ਵੀ ਸ਼ੱਕੀ ਗਤੀਵਿਧੀ 'ਤੇ ਨਜ਼ਰ ਰੱਖਣਗੇ। ਸਾਰੇ ਸਟੇਸ਼ਨ ਹਾਊਸ ਅਫਸਰਾਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਅਤੇ ਸੰਵੇਦਨਸ਼ੀਲ ਅਤੇ ਭੀੜ-ਭੜੱਕੇ ਵਾਲੇ ਸਥਾਨਾਂ 'ਤੇ ਨੇੜਿਓਂ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਟ੍ਰੈਫਿਕ ਪ੍ਰਬੰਧਨ ਲਈ ਵਿਸ਼ੇਸ਼ ਪ੍ਰਬੰਧ

ਜਨਮਾਸ਼ਟਮੀ ਤਿਉਹਾਰ ਦੌਰਾਨ ਮੰਦਰਾਂ ਅਤੇ ਹੋਰ ਭੀੜ-ਭੜੱਕੇ ਵਾਲੇ ਖੇਤਰਾਂ ਦੇ ਨੇੜੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਟ੍ਰੈਫਿਕ ਪੁਲਿਸ ਡਿਊਟੀਆਂ ਲਗਾਈਆਂ ਗਈਆਂ ਹਨ। ਸ਼ਰਧਾਲੂਆਂ ਦੀ ਗਿਣਤੀ ਅਤੇ ਟ੍ਰੈਫਿਕ ਸਥਿਤੀਆਂ ਦੇ ਆਧਾਰ 'ਤੇ ਲੋੜ ਅਨੁਸਾਰ ਟ੍ਰੈਫਿਕ ਨੂੰ ਨਿਯੰਤ੍ਰਿਤ ਕੀਤਾ ਜਾਵੇਗਾ। ਮੰਦਰਾਂ ਦੇ ਨੇੜੇ ਬੇਤਰਤੀਬੇ ਵਾਹਨ ਪਾਰਕ ਕਰਨ ਜਾਂ ਟ੍ਰੈਫਿਕ ਵਿੱਚ ਵਿਘਨ ਪਾਉਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਇਹ ਯਕੀਨੀ ਬਣਾਉਣ ਲਈ ਕਿ ਸ਼ਰਧਾਲੂਆਂ ਅਤੇ ਆਮ ਜਨਤਾ ਨੂੰ ਆਉਣ-ਜਾਣ ਦੌਰਾਨ ਕੋਈ ਅਸੁਵਿਧਾ ਨਾ ਹੋਵੇ।

ਸੁਰੱਖਿਆ ਪ੍ਰਬੰਧਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਸੀਨੀਅਰ ਅਧਿਕਾਰੀ

ਸੀਨੀਅਰ ਪੁਲਿਸ ਅਧਿਕਾਰੀ ਅਤੇ ਸੁਪਰਵਾਈਜ਼ਰੀ ਅਧਿਕਾਰੀ ਆਪਣੇ-ਆਪਣੇ ਖੇਤਰਾਂ ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਡਿਊਟੀਆਂ ਦਾ ਨਿਰੀਖਣ ਕਰਨਗੇ ਅਤੇ ਸੁਰੱਖਿਆ, ਕਾਨੂੰਨ ਅਤੇ ਵਿਵਸਥਾ ਅਤੇ ਟ੍ਰੈਫਿਕ ਪ੍ਰਬੰਧਨ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਸਮੇਂ-ਸਮੇਂ 'ਤੇ ਨਿੱਜੀ ਤੌਰ 'ਤੇ ਦੌਰੇ ਕਰਨਗੇ। ਕਿਸੇ ਵੀ ਅਣਸੁਖਾਵੀਂ ਸਥਿਤੀ ਨੂੰ ਸੰਭਾਲਣ ਲਈ ਲੋੜ ਅਨੁਸਾਰ ਵਾਧੂ ਪੁਲਿਸ ਕਰਮਚਾਰੀ ਵੀ ਤਾਇਨਾਤ ਕੀਤੇ ਜਾਣਗੇ।

ਹਾਂਸੀ ਪੁਲਿਸ ਵੱਲੋਂ ਸ਼ਰਧਾਲੂਆਂ ਨੂੰ ਅਪੀਲ

ਹਾਂਸੀ ਦੇ ਪੁਲਿਸ ਸੁਪਰਡੈਂਟ ਵਿਨੋਦ ਕੁਮਾਰ ਨੇ ਜ਼ਿਲ੍ਹੇ ਦੇ ਸਾਰੇ ਸ਼ਰਧਾਲੂਆਂ ਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਾਂਤੀਪੂਰਵਕ, ਸ਼ਰਧਾ ਅਤੇ ਭਾਈਚਾਰੇ ਦੀ ਭਾਵਨਾ ਨਾਲ ਮਨਾਉਣ ਅਤੇ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਕਿਰਪਾ ਕਰਕੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਆਪਣੇ ਮੋਬਾਈਲ ਫੋਨ, ਬਟੂਏ, ਗਹਿਣਿਆਂ ਅਤੇ ਹੋਰ ਕੀਮਤੀ ਸਮਾਨ ਦਾ ਖਾਸ ਧਿਆਨ ਰੱਖੋ।

ਪਿੰਡ ਸੰਭਾਲਕੀ ਵਿਖੇ ਦਰਜਨਾਂ ਨੌਜਵਾਨ ਕਾਂਗਰਸ ਵਿੱਚ ਸ਼ਾਮਲ



ਐਸ.ਏ.ਐਸ. ਨਗਰ, 3 ਸਤੰਬਰ
(ਪੈ.ਗਾਮ-ਏ-ਜਗਤ)

ਮੁਹਾਲੀ ਦੇ ਸਾਬਕਾ ਮੇਅਰ ਸ. ਅਮਰਜੀਤ ਸਿੰਘ ਜੀਤੀ ਸਿੱਧੂ ਅਤੇ ਯੂਥ ਕਾਂਗਰਸੀ ਆਗੂ ਸ. ਕੰਵਰਬੀਰ ਸਿੰਘ ਰੂਬੀ ਸਿੱਧੂ ਦੀ ਅਗਵਾਈ ਹੇਠ ਪਿੰਡ ਸੰਭਾਲਕੀ ਦੇ ਦਰਜਨਾਂ ਨੌਜਵਾਨ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਦਾ ਸਵਾਗਤ ਕਰਦਿਆਂ ਅਮਰਜੀਤ ਸਿੰਘ ਜੀਤੀ ਸਿੱਧੂ ਅਤੇ ਕੰਵਰਬੀਰ ਸਿੰਘ ਰੂਬੀ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਰੁਜ਼ਗਾਰ, ਚੰਗੀ ਸਿੱਖਿਆ, ਖੇਡਾਂ ਦੇ ਮੌਕੇ ਅਤੇ ਨਸ਼ਿਆਂ ਤੋਂ ਮੁਕਤ ਭਵਿੱਖ ਚਾਹੁੰਦਾ ਹੈ ਅਤੇ ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਉਠਾਉਂਦੀ ਰਹੀ ਹੈ। ਇਸ ਮੌਕੇ ਯੂਥ ਕਾਂਗਰਸ, ਹਲਕਾ ਮੁਹਾਲੀ ਦੇ ਪ੍ਰਧਾਨ ਮੁਕੁਲ ਸ਼ਰਮਾ ਵੀ ਹਾਜ਼ਰ ਸਨ।

ਇਸ ਮੌਕੇ ਰੂਬੀ ਸਿੱਧੂ ਨੇ ਨਸ਼ਿਆਂ ਦੇ ਮੁੱਦੇ ਤੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਦਹੀ ਕਾਰਗੁਜ਼ਾਰੀ ਤੇ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਤੇ ਨਸ਼ਾ ਇੱਕ ਵੱਡੀ ਚੁਣੌਤੀ ਬਣ ਚੁੱਕਾ ਹੈ। ਨਸ਼ਿਆਂ ਕਾਰਨ ਹਰ ਰੋਜ਼ ਕਿਸੇ ਨਾ ਕਿਸੇ ਘਰ ਦਾ ਚਿਰਾਗ ਬੁੱਝ ਰਿਹਾ ਹੈ ਅਤੇ ਮਾਪੇ ਆਪਣੇ ਜਵਾਨ ਪੁੱਤਰਾਂ ਨੂੰ ਗੁਆਉਣ ਦੇ ਡਰ ਵਿੱਚ ਜੀ ਰਹੇ ਹਨ।

ਕਾਂਗਰਸ ਵਿੱਚ ਸ਼ਾਮਲ ਹੋਏ ਨੌਜਵਾਨਾਂ ਵਿੱਚ ਅੰਸ਼ੁਲ ਪਲਵਾਨ, ਗੁਰਸੇਵਕ ਸਿੰਘ, ਯਸ਼ਪਾਲ, ਸੰਦੀਪ ਸਿੰਘ, ਮੰਗਾ ਮਨੌਲੀ, ਕੁਲਦੀਪ ਸਿੰਘ, ਗੁਰਵਿੰਦਰ ਸਿੰਘ, ਕ੍ਰਿਸ਼ਨ ਚੰਦ, ਜਸਬੀਰ ਸਿੰਘ, ਸੁਖਵਿੰਦਰ ਸਿੰਘ, ਗੁਰੀ, ਸ਼ਿਵਾ ਮਨੌਲੀ, ਬਲਵਿੰਦਰ ਸਿੰਘ, ਮਨਪ੍ਰੀਤ ਸਿੰਘ, ਬਿੱਲਾ, ਸਿਮੂ ਅਤੇ ਹਰਸ਼ ਸਮੇਤ ਹੋਰ ਨੌਜਵਾਨ ਸ਼ਾਮਲ ਸਨ।

GEMS OF INDIA CHALLENGE 2026’ ਲਈ ਵੀਡੀਓ ਜਮ੍ਹਾਂ ਕਰਵਾਉਣ ਦੀ ਮਿਆਦ ਵਧੀ

ਹੁਣ 1 ਤੋਂ 30 ਸਤੰਬਰ 2026 ਤੱਕ ਭੇਜ ਸਕਦੇ ਹੋ ਆਪਣੀ ਵੀਡੀਓ

ਚੰਡੀਗੜ੍ਹ, 3 ਸਤੰਬਰ
(ਪੈ.ਗਾਮ-ਏ-ਜਗਤ)

ਭਾਰਤ ਦੀ ਵਿਭਿੰਨਤਾ, ਸੱਭਿਆਚਾਰ, ਵਿਰਾਸਤ ਅਤੇ ਸਥਾਨਕ ਕਹਾਣੀਆਂ ਨੂੰ ਰਾਸ਼ਟਰੀ ਪੱਧਰ ’ਤੇ ਉਜਾਗਰ ਕਰਨ ਦੇ ਉਦੇਸ਼ ਨਾਲ ਕਰਵਾਏ ਜਾ ਰਹੇ ‘GEMS OF INDIA CHALLENGE 2026’ ਦੇ ਪਾਇਲਟ ਫੇਜ਼ ਲਈ ਵੀਡੀਓ ਸਬਮਿਸ਼ਨ ਦੀ ਅੰਤਿਮ ਮਿਤੀ ਵਧਾ ਦਿੱਤੀ ਗਈ ਹੈ। ਹੁਣ ਭਾਗੀਦਾਰ ਆਪਣੀਆਂ ਵੀਡੀਓਜ਼ 1 ਸਤੰਬਰ ਤੋਂ 30 ਸਤੰਬਰ 2026 ਤੱਕ ਜਮ੍ਹਾਂ ਕਰਵਾ ਸਕਦੇ ਹਨ।

ਇਸ ਚੈਲੈਂਜ ਰਾਹੀਂ ਭਾਗੀਦਾਰ ਆਪਣੇ ਇਲਾਕੇ ਦੀਆਂ ਵਿਲੱਖਣ ਕਹਾਣੀਆਂ, ਸੱਭਿਆਚਾਰ, ਵਿਰਾਸਤ, ਵਾਸਤੂਕਲਾ, ਸੈਰ-ਸਪਾਟਾ, ਸਥਾਨਕ ਪਰੰਪਰਾਵਾਂ ਅਤੇ ਲੋਕ-ਕਹਾਣੀਆਂ ਨੂੰ 1 ਤੋਂ 3 ਮਿੰਟ ਦੀ ਵੀਡੀਓ ਰਾਹੀਂ ਪੇਸ਼ ਕਰ ਸਕਦੇ ਹਨ। ਇਸ ਦਾ ਮਕਸਦ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਮੌਜੂਦ ਅਣਜਾਣੇ ਅਤੇ ਵਿਲੱਖਣ ‘Gems’ ਨੂੰ ਸਾਹਮਣੇ ਲਿਆਉਣਾ ਅਤੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ ’ਤੇ ਪਹਿਚਾਣ ਦਿਵਾਉਣਾ ਹੈ।

ਇਸ ਮੁਕਾਬਲੇ ਵਿੱਚ ਜ਼ਿਲ੍ਹਾ ਪੱਧਰ ’ਤੇ 50,000, ਕੇਂਦਰ ਸ਼ਾਸਿਤ ਪ੍ਰਦੇਸ਼ ਪੱਧਰ ’ਤੇ 2 ਲੱਖ ਅਤੇ ਰਾਸ਼ਟਰੀ ਪੱਧਰ ’ਤੇ 5 ਲੱਖ ਤੱਕ ਦੇ ਇਨਾਮ ਜਿੱਤਣ ਦਾ ਮੌਕਾ ਹੈ।



ਭਾਗ ਲੈਣ ਲਈ ਉਮੀਦਵਾਰਾਂ ਨੂੰ WAVES OTT ’ਤੇ ਜਾ ਕੇ MyWAVES ਵਿੱਚ ਰਜਿਸਟਰ ਕਰਨਾ ਹੋਵੇਗਾ। ਇਸ ਤੋਂ ਬਾਅਦ ‘Gems of India Challenge 2026’ ਪ੍ਰੋਗਰਾਮ ਦੀ ਚੋਣ ਕਰਕੇ ਆਪਣੀ 1-3 ਮਿੰਟ ਦੀ ਵੀਡੀਓ ਅਪਲੋਡ ਅਤੇ ਸਬਮਿਟ ਕਰਨੀ ਹੋਵੇਗੀ।

ਪਾਇਲਟ ਫੇਜ਼ ਲਈ ਯੋਗ ਖੇਤਰਾਂ ਵਿੱਚ ਅੰਡਮਾਨ ਅਤੇ ਨਿਕੋਬਾਰ ਟਾਪੂ, ਅਰੁਣਾਚਲ ਪ੍ਰਦੇਸ਼, ਚੰਡੀਗੜ੍ਹ, ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਤੇ ਦੀਵ, ਗੋਆ ਅਤੇ ਲੱਦਾਖ ਸ਼ਾਮਲ ਹਨ। ਚੰਡੀਗੜ੍ਹ ਦੇ ਨੌਜਵਾਨਾਂ, ਵਿਦਿਆਰਥੀਆਂ, ਕਲਾਕਾਰਾਂ, ਕੰਟੈਂਟ ਕ੍ਰੀਏਟਰਾਂ ਅਤੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਸ਼ਹਿਰ ਅਤੇ ਖੇਤਰ ਦੀਆਂ ਵਿਲੱਖਣ ਕਹਾਣੀਆਂ ਨੂੰ ਰਚਨਾਤਮਕ ਢੰਗ ਨਾਲ ਪੇਸ਼ ਕਰਦਿਆਂ ਇਸ ਰਾਸ਼ਟਰੀ ਪੱਧਰ ਦੇ ਚੈਲੈਂਜ ਵਿੱਚ ਵੱਧ ਤੋਂ ਵੱਧ ਭਾਗ ਲੈਣ।

ਆਪਣੀ ਕਹਾਣੀ ਦੱਸੋ—ਆਪਣੇ ਸ਼ਹਿਰ ਦੀ ਪਹਿਚਾਣ ਨੂੰ ਰਾਸ਼ਟਰੀ ਮੰਚ ਤੱਕ ਪਹੁੰਚਾਓ ਅਤੇ ਬਣੋ ਭਾਰਤ ਦੇ ਅਗਲੇ ‘Gem’!

ਵਧੇਰੇ ਜਾਣਕਾਰੀ ਅਤੇ ਭਾਗ ਲੈਣ ਲਈ wavespb.com ’ਤੇ ਜਾਓ। ਟੋਲ-ਫ੍ਰੀ ਹੈਲਪਲਾਈਨ 1800-202-0293 ਜਾਂ ਈ-ਮੇਲ support@wavespb.com ਰਾਹੀਂ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਐਲ.ਟੀ.ਐਸ.ਯੂ. ਪੰਜਾਬ ਦੀ ਵਿਦਿਆਰਥਣ ਕਾਸ਼ੀ ਕੁਮਾਰੀ, ਪ੍ਰਤਿਸ਼ਠਾਵਾਨ ਭਾਰਤੀ ਫੌਜ ਇੰਟਰਨਸ਼ਿਪ ਲਈ ਦੇਸ਼ ਭਰ ਵਿੱਚ ਚੁਣੇ ਗਏ 2 ਵਿਦਿਆਰਥੀਆਂ ਵਿੱਚੋਂ ਇੱਕ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਬੀ ਟੈਕ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ - ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ, 2024 ਬੈਚ) ਦੀ ਤੀਜੇ ਸਾਲ ਦੀ ਵਿਦਿਆਰਥਣ, ਕਾਸ਼ੀ ਕੁਮਾਰੀ ਨੂੰ 2026-27 ਸਮੂਹ ਲਈ ਬਹੁਤ ਹੀ ਪ੍ਰਤਿਸ਼ਠਾਵਾਨ ਭਾਰਤੀ ਫੌਜ ਇੰਟਰਨਸ਼ਿਪ ਪ੍ਰੋਗਰਾਮ ਲਈ ਅਧਿਕਾਰਤ ਤੌਰ ’ਤੇ ਚੁਣਿਆ ਗਿਆ ਹੈ।

ਇੱਕ ਮਹੱਤਵਪੂਰਨ ਰਾਸ਼ਟਰੀ ਪੱਧਰ ਦੀ ਪ੍ਰਾਪਤੀ ਵਿੱਚ, ਕਾਸ਼ੀ ਭਾਰਤ ਭਰ ਤੋਂ ਉੱਚ ਮੁਕਾਬਲੇ ਵਾਲੀ ਇੰਟਰਨਸ਼ਿਪ ਲਈ ਚੁਣੇ ਗਏ ਸਿਰਫ਼ ਦੋ ਵਿਦਿਆਰਥੀਆਂ ਵਿੱਚੋਂ ਇੱਕ ਹੈ। ਉਸਨੂੰ ਇੰਟਰਨਸ਼ਿਪ ਦੌਰਾਨ 75,000 ਪ੍ਰਤੀ ਮਹੀਨਾ ਦਾ ਵਜ਼ੀਫ਼ਾ ਮਿਲੇਗਾ।

ਉਸਦੀ ਚੋਣ ਨਾ ਸਿਰਫ਼ ਉਸਦੀ ਵਿਅਕਤੀਗਤ ਪ੍ਰਤਿਭਾ ਨੂੰ ਉਜਾਗਰ ਕਰਦੀ ਹੈ ਬਲਕਿ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿੱਚ ਪ੍ਰਦਾਨ ਕੀਤੀ ਗਈ ਤਕਨੀਕੀ ਸਿੱਖਿਆ ਅਤੇ ਸਿਖਲਾਈ ਦੇ ਉੱਚ ਮਿਆਰ ਨੂੰ ਵੀ ਉਜਾਗਰ ਕਰਦੀ ਹੈ। ਇਹ ਪ੍ਰਾਪਤੀ ਸਿੱਖਿਆ ਮੰਤਰਾਲੇ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਭਵਿੱਖ ਲਈ ਤਿਆਰ ਹੁਨਰਾਂ, ਨਵੀਨਤਾ ਅਤੇ ਉੱਨਤ ਤਕਨੀਕੀ ਸਿਖਲਾਈ ਨੂੰ ਉਤਸ਼ਾਹਿਤ ਕਰਨ ਦੇ ਆਦੇਸ਼ ਨੂੰ ਪੂਰੀ ਤਰ੍ਹਾਂ ਦਰਸਾਉਂਦੀ ਹੈ। ਜਿਵੇਂ ਕਿ ਆਧੁਨਿਕ ਰੱਖਿਆ ਅਤਿ-ਆਧੁਨਿਕ ਤਕਨੀਕ ’ਤੇ ਨਿਰਭਰ ਕਰਦੀ ਜਾ ਰਹੀ ਹੈ, ਕਾਸ਼ੀ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਿੱਚ ਵਿਸ਼ੇਸ਼ ਪਿਛੋਕੜ ਉਸਨੂੰ ਭਾਰਤੀ ਫੌਜ ਵਿੱਚ ਆਪਣੇ ਕਾਰਜਕਾਲ ਦੌਰਾਨ ਬਹੁਤ ਜ਼ਿਆਦਾ ਮੁੱਲ ਪ੍ਰਾਪਤ ਕਰਨ ਅਤੇ ਯੋਗਦਾਨ ਪਾਉਣ ਲਈ ਸਥਿਤੀ ਪ੍ਰਦਾਨ ਕਰਦਾ ਹੈ।



ਇਸ ਯਾਦਗਾਰੀ ਸਫਲਤਾ ’ਤੇ ਉਸਨੂੰ ਵਧਾਈ ਦਿੰਦੇ ਹੋਏ, (ਪ੍ਰੋ.) ਡਾ. ਏ. ਐਸ. ਚਾਵਲਾ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਵਾਈਸ ਚਾਂਸਲਰ, ਨੇ ਕਿਹਾ, ÷ਸਾਨੂੰ ਕਾਸ਼ੀ ਕੁਮਾਰੀ ’ਤੇ ਬਹੁਤ ਮਾਣ ਹੈ। ਵੱਕਾਰੀ ਆਈ ਏ ਆਈ ਪੀ ਲਈ ਉਸਦੀ ਚੋਣ ਸਾਡੀ ਯੂਨੀਵਰਸਿਟੀ ਦੀ ਵਿਸ਼ਵ ਪੱਧਰੀ ਤਕਨੀਕੀ ਸਿੱਖਿਆ ਪ੍ਰਦਾਨ ਕਰਨ ਅਤੇ ਸਾਡੇ ਵਿਦਿਆਰਥੀਆਂ ਨੂੰ ਉੱਚ ਪੱਧਰਾਂ ’ਤੇ ਦੇਸ਼ ਦੀ ਸੇਵਾ ਕਰਨ ਲਈ ਤਿਆਰ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।÷


ਡਾ. ਐਚ.ਪੀ.ਐਸ. ਧਾਮੀ, ਇੰਜੀਨਿਰਿੰਗ ਦੇ ਕਾਰਜਕਾਰੀ ਡੀਨ, ਅਤੇ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ, ਐਚਓਡੀ, ਨੇ ਕਾਸ਼ੀ ਦੀ ਅਕਾਦਮਿਕ ਦ੍ਰਿੜਤਾ ਅਤੇ ਧਿਆਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਹ ਇੱਕ ਮਹੱਤਵਪੂਰਨ ਪ੍ਰਾਪਤੀ ਹੈ ਜੋ ਯੂਨੀਵਰਸਿਟੀ ਸਕੂਲ ਆਫ਼ ਇੰਜੀਨਿਰਿੰਗ ਐਂਡ ਟੈਕਨੋਲੋਜੀ ਵਿੱਚ ਉਸਦੀ ਅਣਥੱਕ ਮਿਹਨਤ ਅਤੇ ਮਜ਼ਬੂਤ, ਅਗਾਂਹਵਧੂ ਪਾਠਕ੍ਰਮ ਨੂੰ ਦਰਸਾਉਂਦੀ ਹੈ।

ਗੰਭੀਰ ਕਿਡਨੀ ਦੀ ਬੀਮਾਰੀ, ਡਾਇਲਿਸਿਸ ਅਤੇ ਟ੍ਰਾਂਸਪਲਾਂਟ ਨੂੰ ਮਾਤ ਦੇ ਕੇ ਔਰਤ ਨੇ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ

ਮੋਹਾਲੀ, 3 ਸਤੰਬਰ
(ਪੈ.ਗਾਮ-ਏ-ਜਗਤ)

32 ਸਾਲਾ ਔਰਤ ਨੇ ਗੰਭੀਰ ਕਿਡਨੀ ਦੀ ਬੀਮਾਰੀ, ਡਾਇਲਿਸਿਸ ਅਤੇ ਕਿਡਨੀ ਟ੍ਰਾਂਸਪਲਾਂਟ ਤੋਂ ਉੱਭਰ ਕੇ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਵਿਖੇ ਇੱਕ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ। ਰੁਪਿੰਦਰ ਕੌਰ ਨੂੰ 2022 ਵਿੱਚ ਹਾਈ ਬਲੱਡ ਪ੍ਰੈਸ਼ਰ ਦੇ ਕਾਰਨ ਕਿਡਨੀ ਫੇਲ੍ਹ ਹੋਣ ਦਾ ਪਤਾ ਲੱਗਿਆ ਸੀ, ਜਿਸ ਨੇ ਬਾਅਦ ਵਿੱਚ ਉਸ ਦੇ ਦੋਵਾਂ ਗੁਰਦਿਆਂ ਨੂੰ ਪ੍ਰਭਾਵਿਤ ਕੀਤਾ ਅਤੇ ਉਸ ਨੂੰ ਡਾਇਲਿਸਿਸ ’ਤੇ ਨਿਰਭਰ ਕਰ ਦਿੱਤਾ। ਇਸ ਬੀਮਾਰੀ ਨੇ ਨਾ ਸਿਰਫ਼ ਉਸ ਦੀ ਸਿਹਤ ਨੂੰ ਪ੍ਰਭਾਵਿਤ ਕੀਤਾ, ਸਗੋਂ ਉਸ ਨੂੰ ਇਹ ਵੀ ਲੱਗਣ ਲੱਗ ਪਿਆ ਸੀ ਕਿ ਆਪਣਾ ਪਰਿਵਾਰ ਸ਼ੁਰੂ ਕਰਨ ਦਾ ਉਸ ਦਾ ਸੁਪਨ ਕਦੇ ਪੂਰਾ ਨਹੀਂ ਹੋ ਸਕੇਗਾ।

ਬਿਹਤਰ ਇਲਾਜ ਦੀ ਭਾਲ ਅਤੇ ਆਮ ਜ਼ਿੰਦਗੀ ਦੀ ਉਮੀਦ ਵਿੱਚ, ਉਹ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਪਹੁੰਚੀ। ਉੱਥੇ ਉਸ ਨੂੰ ਸਲਾਹ ਦਿੱਤੀ ਗਈ ਕਿ ਸਹੀ ਇਲਾਜ, ਧਿਆਨਪੂਰਵਕ ਨਿਗਰਾਨੀ ਅਤੇ ਯੋਜਨਾਬੰਦੀ ਨਾਲ ਕਿਡਨੀ ਟ੍ਰਾਂਸਪਲਾਂਟ ਤੋਂ ਬਾਅਦ ਵੀ ਗਰਭ ਅਵਸਥਾ ਸੰਭਵ ਹੋ ਸਕਦੀ ਹੈ। ਇਸ ਮਾਰਗਦਰਸ਼ਨ ਤੋਂ ਉਤਸ਼ਾਹਿਤ ਹੋ ਕੇ, ਉਸ ਨੇ 28 ਸਾਲ ਦੀ ਉਮਰ ਵਿੱਚ ਨੇਫਰੋਲੋਜੀ ਦੇ ਡਾਇਰੈਕਟਰ ਡਾ. ਮੁਨੀਸ਼ ਚੌਹਾਨ ਦੀ ਦੇਖਭਾਲ ਹੇਠ ਇੱਕ ਸਫਲ ਕਿਡਨੀ ਟ੍ਰਾਂਸਪਲਾਂਟ ਕਰਵਾਇਆ।



ਟ੍ਰਾਂਸਪਲਾਂਟ ਤੋਂ ਬਾਅਦ, ਉਸ ਨੂੰ ਗਰਭ ਅਵਸਥਾ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਤਿੰਨ ਸਾਲ ਉਡੀਕ ਕਰਨ ਦੀ ਸਲਾਹ ਦਿੱਤੀ ਗਈ ਸੀ ਤਾਂ ਜੋ ਗੁਰਦੇ ਦੀ ਕਾਰਜਪ੍ਰਣਾਲੀ ਸਥਿਰ ਹੋ ਸਕੇ ਅਤੇ ਮਾਂ ਤੇ ਬੱਚੇ ਦੋਵਾਂ ਲਈ ਸਭ ਤੋਂ ਸੁਰੱਖਿਅਤ ਨਤੀਜਾ ਯਕੀਨੀ ਬਣਾਇਆ ਜਾ ਸਕੇ। ਨਿਯਮਤ ਫਾਲੋ-ਅੱਪ ਅਤੇ ਆਪਣੀ ਸਿਹਤ ਦੀ ਦੇਖਭਾਲ ਨਾਲ ਉਸ ਦੀ ਹਾਲਤ ਵਿੱਚ ਸੁਧਾਰ ਹੁੰਦਾ ਰਿਹਾ।

ਆਪਣੀ ਗਰਭ ਅਵਸਥਾ ਦੇ ਅੱਠ ਮਹੀਨਿਆਂ ਦੌਰਾਨ, ਉਸ ਦਾ ਇਲਾਜ ਮੈਕਸ ਹਸਪਤਾਲ ਵਿਖੇ ਗਾਇਨੀਕੋਲੋਜੀ ਦੀ ਡਾਇਰੈਕਟਰ ਡਾ. ਸੀਮਾ ਵਧਵਾ ਦੀ ਦੇਖਭਾਲ ਹੇਠ ਹੋਇਆ। ਇਸ ਦੌਰਾਨ ਹੋਣ ਵਾਲੀਆਂ ਜਟਿਲਤਾਵਾਂ ਨੂੰ ਘਟਾਉਣ ਅਤੇ ਗਰਭ ਅਵਸਥਾ ਨੂੰ ਸੁਰੱਖਿਅਤ ਢੰਗ ਨਾਲ ਪੂਰਾ ਕਰਨ ਲਈ ਸਖ਼ਤ ਨਿਗਰਾਨੀ ਰੱਖੀ ਗਈ। ਗਰਭ ਅਵਸਥਾ ਦੇ 34ਵੇਂ ਹਫ਼ਤੇ ਵਿੱਚ, ਭ੍ਰੂਣ (ਬੱਚੇ) ਦੀ ਹਲਚਲ ਘੱਟ ਹੋਣ ਕਾਰਨ ਉਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਉਸ ਦੀ ਗਰਭ ਅਵਸਥਾ ਹਾਈਪਰਟੈਨਸ਼ਨ ਅਤੇ ਇੰਟ੍ਰਾਹੇਪੇਟਿਕ ਕੋਲੇਸਟੇਸਿਸ (ਗਰਭ ਅਵਸਥਾ ਦੌਰਾਨ ਲਿਵਰ ਦੀ ਸਮੱਸਿਆ) ਕਾਰਨ ਕਾਫ਼ੀ ਗੰਭੀਰ ਹੋ ਗਈ ਸੀ। ਜਦੋਂ ਉਸ ਦੀ ਹਾਲਤ ਈਕਲੈਂਪਸੀਆ (ਦੌਰੇ ਪੈਣ ਦੇ ਖਤਰੇ) ਵੱਲ ਵਧਣ ਲੱਗੀ, ਤਾਂ ਡਾ. ਸੀਮਾ ਵਧਵਾ ਦੁਆਰਾ ਸਜ਼ੇਰੀਅਨ ਆਪ੍ਰੇਸ਼ਨ ਰਾਹੀਂ ਡਿਲੀਵਰੀ ਕਰਵਾਈ ਗਈ। ਕੌਰ ਨੇ 2.3 ਕਿਲੋਗ੍ਰਾਮ ਵਜ਼ਨ ਦੀ ਇੱਕ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ। ਮਾਂ ਅਤੇ ਬੱਚੀ ਦੋਵੇਂ ਪੂਰੀ ਤਰ੍ਹਾਂ ਠੀਕ ਹੋ ਗਏ, ਅਤੇ ਇੱਕ ਹਫ਼ਤੇ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਡਾ. ਮੁਨੀਸ਼ ਚੌਹਾਨ ਨੇ ਕਿਹਾ ਕਿ ਇਹ ਸਫਲ ਗਰਭ ਅਵਸਥਾ ਅਤੇ ਸਿਹਤਮੰਦ ਬੱਚੀ ਦਾ ਜਨਮ ਇਹ ਦਰਸਾਉਂਦਾ ਹੈ ਕਿ ਟ੍ਰਾਂਸਪਲਾਂਟ ਦੇ ਮਰੀਜ਼ਾਂ ਲਈ ਗਰਭ ਅਵਸਥਾ ਦੌਰਾਨ ਵਿਸ਼ੇਸ਼ ਅਤੇ ਤਾਲਮੇਲ ਵਾਲੀ ਦੇਖਭਾਲ ਕਿੰਨੀ ਮਹੱਤਵਪੂਰਨ ਹੈ। ਡਾ. ਸੀਮਾ ਵਧਵਾ ਨੇ ਦੱਸਿਆ, ÷ਇਸ ਮਾਮਲੇ ਵਿੱਚ, ਸਮੇਂ ਸਿਰ ਜਾਂਚ, ਧਿਆਨਪੂਰਵਕ ਨਿਗਰਾਨੀ ਅਤੇ ਵੱਖ-ਵੱਖ ਮਾਹਿਰ ਡਾਕਟਰਾਂ ਦੀ ਸਾਂਝੀ ਦੇਖਭਾਲ ਨੇ ਸਾਨੂੰ ਚੁਣੌਤੀਆਂ ਦਾ ਸੁਰੱਖਿਅਤ ਸਾਹਮਣਾ ਕਰਨ ਅਤੇ ਮਾਂ ਤੇ ਬੱਚੇ ਦੋਵਾਂ ਲਈ ਵਧੀਆ ਨਤੀਜਾ ਹਾਸਲ ਕਰਨ ਵਿੱਚ ਮਦਦ ਕੀਤੀ।

ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਬਣਾਈ ਗਈ ਇੰਨੋਵੇਸ਼ਨ ਲੈਬ ਦਾ ਵਿਧਾਇਕ ਰਣਬੀਰ ਭੁੱਲਰ ਨੇ ਕੀਤਾ ਉਦਘਾਟਨ

ਪੈ.ਗਾਮ-ਏ-ਜਗਤ/ਫਿਰੋਜ਼ਪੁਰ
3 ਸਤੰਬਰ (ਗੁਰਮੇਜ ਸਿੰਘ)

ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਦੇ 5 ਸਰਕਾਰੀ ਪੋਲੀਟੈਕਨਿਕ ਕਾਲਜਾਂ ਦਾ ਨਵੀਨੀਕਰਨ ਅਤੇ ਆਧੁਨਿਕ ਟੈਕਨਾਲੋਜੀ ਨਾਲ ਸਬੰਧਤ ਇੰਨੋਵੇਸ਼ਨ ਲੈਬਜ਼ ਤਹਿਤ ਸਰਕਾਰੀ ਬਹੁਤਕਨੀਕੀ ਕਾਲਜ, ਫਿਰੋਜ਼ਪੁਰ ਵਿਖੇ ਬਣਾਈ ਗਈ ਇੰਨੋਵੇਸ਼ਨ ਲੈਬ ਦਾ ਉਦਘਾਟਨ ਪੰਜਾਬ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਕੈਬਨਿਟ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਦੁਆਰਾ ਵਰਚੁਅਲ ਤੌਰ ਤੇ ਕੀਤਾ ਗਿਆ।ਇਸ ਮੌਕੇ ਤੇ ਸਰਕਾਰੀ ਬਹੁਤਕਨੀਕੀ ਕਾਲਜ ਫਿਰੋਜ਼ਪੁਰ ਵਿਖੇ ਵਿਧਾਇਕ ਸ.ਰਣਬੀਰ ਸਿੰਘ ਭੁੱਲਰ ਮੁੱਖ ਮਹਿਮਾਨ ਵਜੋਂ ਪਹੁੰਚੇ।



ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਇਹ ਇੰਨੋਵੇਸ਼ਨ ਲੈਬ ਬਹੁਤ ਹੀ ਆਧੁਨਿਕ ਤਕਨੀਕੀ ਨਾਲ ਲੈਸ 3ਡੀ. ਪ੍ਰਿੰਟਰਜ਼, ਲੇਜ਼ਰ ਕਟਿੰਗ ਮਸ਼ੀਨ, ਮਾਡਰਨ ਲੇਥ ਮਸ਼ੀਨਾਂ, ਡਰੋਨ ਕਿਟਸ, ਐਫ.ਆਰ.ਟੀ. ਮਸ਼ੀਨ ਅਤੇ ਹੋਰ ਆਧੁਨਿਕ ਮਸ਼ੀਨਾਂ ਸਮੇਂ ਦੀ ਲੋੜ ਅਨੁਸਾਰ ਉਪਲੱਬਧ ਹਨ। ਇਹ ਲੈਬਾਂ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਨਾਲ ਮੁਹਾਰਤ ਹਾਸਲ ਕਰਵਾ ਕੇ ਉਦਯੋਗਾਂ ਲਈ ਤਿਆਰ ਕਰਨਗੀਆਂ।

ਇਸ ਤੋਂ ਇਲਾਵਾ ਇਸ ਕਾਲਜ ਤੋਂ ਡਿਪਲੋਮਾ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰ ਚੁੱਕੇ ਕਾਲਜ ਦੇ ਹੋਣਹਾਰ ਵਿਦਿਆਰਥੀ ਸਰਕਾਰ ਦੇ ਉਚੇ ਅਹੁਦਿਆਂ ਤੇ ਪਹੁੰਚੇ ਮਨਪ੍ਰੀਤ ਸਿੰਘ ਭੂਈ ਐਸ.ਡੀ.ਓ., ਕਰਮਜੀਤ ਸਿੰਘ ਅਸਿਟੈਂਟ ਪ੍ਰੋਫੈਸਰ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ, ਸੁਰਜਨ ਚੋਪੜਾ ਬੀ.ਐਸ.ਐਨ.ਐਲ., ਰਾਕੇਸ਼ ਕੁਮਾਰ ਨਾਹਰ ਨੈਟਵਰਕਿੰਗ ਇੰਜੀ: ਡੀ.ਸੀ. ਦਫਤਰ ਫਿਰੋਜ਼ਪੁਰ, ਸੁਖਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਇੰਡੀਅਨ ਰੇਲਵੇ ਕਾਲਜ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਸਮੇਂ ਕਾਲਜ ਦੇ ਵੱਖ—ਵੱਖ ਵਿਭਾਗਾਂ ਦੇ ਮੁਖੀ ਵਿਭਾਗ/ਅਫਸਰ ਇੰਚਾਰਜ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਇਸ ਮੌਕੇ ਦਿਲਬਾਗ ਸਿੰਘ ਨੱਡਾ ਚੇਅਰਮੈਨ ਬਲਾਕ ਸੰਮਤੀ ਫਿਰੋਜ਼ਪੁਰ, ਬਲਰਾਜ ਸਿੰਘ ਕਟੋਰਾ, ਮੇਜਰ ਸਿੰਘ ਟੂਰਨਾ ਐਮ.ਸੀ., ਮਲਕੀਤ ਸਿੰਘ ਐਮ.ਸੀ. ਦਿਲਬਾਗ ਸਿੰਘ ਸਰਪੰਚ,. ਰਾਜ ਬਹਾਦਰ ਸਿੰਘ ਗਿੱਲ, ਹਿਮਾਂਸ਼ੂ? ਠੱਕਰ ਅਤੇ ਸ਼ਹਿਰ ਦੇ ਉਘੇ ਰਾਜਨੀਤਕ ਆਗੂ ਅਤੇ ਉਦਯੋਗਪਤੀ ਸ਼ਾਮਿਲ ਹੋਏ।

ਸਮਾਰੋਹ ਦੇ ਅੰਤ ਵਿਚ ਕਾਲਜ ਦੇ ਪ੍ਰਿੰਸੀਪਲ ਜਤਿੰਦਰਪਾਲ ਵੱਲੋਂ ਮੁੱਖ ਮਹਿਮਾਨ ਅਤੇ ਆਏ ਸਾਰੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਗਿਆ।

“ਪੈਗਾਮ-ਏ-ਜਗਤ”
NEWS & WEB CHANNEL
HEAD OFFICE
F 388, Industrial Area, Sector 74, Sahibzada Ajit Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
“ਪੈਗਾਮ-ਏ-ਜਗਤ” ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁੱਕਿੰਗ ਕਰੋ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ 1.21 ਕਰੋੜ ਰੁਪਏ ਦੇ ਸੜਕ ਵਿਕਾਸ ਕਾਰਜਾਂ ਦੀ ਕਰਵਾਈ ਸ਼ੁਰੂਆਤ

- **ਉਭਾਵਾਲ ਰੋਡ ਦੀਆਂ ਦੋ ਸੜਕਾਂ ਦੇ ਪੁਨਰ ਨਿਰਮਾਣ ’ਤੇ 76.04 ਲੱਖ ਅਤੇ ਹਰੇੜੀ ਰੋਡ ’ਤੇ 45 ਲੱਖ ਰੁਪਏ ਹੋਣਗੇ ਖਰਚ: ਨਰਿੰਦਰ ਕੌਰ ਭਰਾਜ**

ਸੰਗਰੂਰ, 3 ਸਤੰਬਰ
(ਪੈ.ਗਾਮ-ਏ-ਜਗਤ)

ਸੰਗਰੂਰ ਸ਼ਹਿਰ ਦੇ ਸੜਕੀ ਢਾਂਚੇ ਨੂੰ ਹੋਰ ਮਜ਼ਬੂਤ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਕੁੱਲ 1.21 ਕਰੋੜ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਸੜਕ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਨ੍ਹਾਂ ਤਹਿਤ 76.04 ਲੱਖ ਰੁਪਏ ਦੀ ਲਾਗਤ ਨਾਲ ਉਭਾਵਾਲ ਰੋਡ ’ਤੇ ਪੈਟਰੋਲ ਪੰਪ ਦੇ ਸਾਹਮਣੇ ਤੋਂ ਯੂਨੀਅਨ ਬੈਂਕ ਤੱਕ ਅਤੇ ਉਭਾਵਾਲ ਫਾਟਕ ਤੋਂ ਟਿਊਬਵੈੱਲ ਤੱਕ ਦੀ ਸੜਕ ਦੇ ਪੁਨਰ ਨਿਰਮਾਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਦੇ ਨਾਲ ਹੀ 45 ਲੱਖ ਰੁਪਏ ਦੀ ਲਾਗਤ ਨਾਲ ਹਰੇੜੀ ਰੋਡ ਦੇ ਪੁਨਰ ਨਿਰਮਾਣ ਕਾਰਜ ਦੀ ਵੀ ਸ਼ੁਰੂਆਤ ਕਰਵਾਈ ਗਈ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੰਗਰੂਰ ਸ਼ਹਿਰ ਵਿੱਚ ਲੋਕਾਂ ਨੂੰ ਬਿਹਤਰ ਸੜਕਾਂ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਪੁਨਰ ਨਿਰਮਾਣ ਨਾਲ ਇਲਾਕਾ ਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ ਅਤੇ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਰਾਹਤ ਮਿਲੇਗੀ।



ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ’ਤੇ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਕੇ ਮੁਕੰਮਲ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਸੜਕ ਵਿਕਾਸ ਕਾਰਜਾਂ ਦੀ ਸ਼ੁਰੂਆਤ ਮੌਕੇ ਹਾਜ਼ਰ ਚੇਅਰਮੈਨ ਅਤੇ ਐਮ.ਸੀ. ਸਾਹਿਬਾਨ ਸਮੇਤ ਸਮੁੱਚੀ ਆਮ ਆਦਮੀ ਪਾਰਟੀ ਦੀ ਟੀਮ ਦਾ ਧੰਨਵਾਦ ਕੀਤਾ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੱਲੋਂ ਕਲਾਸ ਫੋਰਥ ਗਵਰਨਮੈਂਟ ਇੰਪਲਾਈਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ

ਬੈਠਕ ਦੌਰਾਨ ਮੰਗਾਂ ’ਤੇ ਵਿਸਤਾਰ ਪੂਰਵਕ ਹੋਈ ਚਰਚਾ, ਹਰਚੰਦ ਸਿੰਘ ਬਰਸਟ ਨੇ ਦਿੱਤਾ ਜਲਦ ਹੱਲ ਦਾ ਭਰੋਸਾ

ਐਸ.ਏ.ਐਸ ਨਗਰ, 2 ਸਤੰਬਰ
(ਪੈ.ਗਾਮ-ਏ-ਜਗਤ)

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਕਲਾਸ ਫੋਰਥ ਗਵਰਨਮੈਂਟ ਇੰਪਲਾਈਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ ਕੀਤੀ ਗਈ। ਬੈਠਕ ਦੌਰਾਨ ਠੇਕੇਦਾਰੀ ਪ੍ਰਣਾਲੀ ਅਧੀਨ ਕੰਮ ਕਰ ਰਹੇ ਕਾਮਿਆਂ ਦੀਆਂ ਮੰਗਾਂ ਅਤੇ ਮੁਸ਼ਕਲਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸ੍ਰੀ ਕੁਮਾਰ ਅਮਿਤ (ਆਈ.ਏ.ਐਸ.) ਸਕੱਤਰ ਪੰਜਾਬ ਮੰਡੀ ਬੋਰਡ, ਸ. ਹਰਜੀਤ ਸਿੰਘ ਸੰਧੂ (ਪੀ.ਸੀ.ਐਸ.) ਸੰਯੁਕਤ ਸਕੱਤਰ ਅਤੇ ਸ. ਗੁਰਿੰਦਰ ਸਿੰਘ ਚੀਮਾ ਮੁੱਖ ਇੰਜੀਨੀਅਰ ਵੀ ਹਾਜਰ ਰਹੇ।



ਮੀਟਿੰਗ ਦੌਰਾਨ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਾਮਿਆਂ ਦੀਆਂ ਮੁੱਖ ਮੰਗਾਂ ਬਾਰੇ ਚੇਅਰਮੈਨ ਮੰਡੀ ਬੋਰਡ ਨੂੰ ਵਿਸਥਾਰ ਨਾਲ ਜਾਣੂ ਕਰਵਾਇਆ ਅਤੇ ਇਹਨਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਦੀ ਮੰਗ ਕੀਤੀ। ਯੂਨੀਅਨ ਦੀਆਂ ਗੱਲਾਂ ਨੂੰ ਹਮਦਰਦੀ ਨਾਲ ਸੁਣਦਿਆਂ ਸ. ਹਰਚੰਦ ਸਿੰਘ ਬਰਸਟ ਨੇ ਮੌਕੇ ’ਤੇ ਹੀ ਮੌਜੂਦ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਮੀਟਿੰਗ ਵਿੱਚ ਮੰਗਾਂ ਦੇ ਹੱਲ ਲਈ ਅਧਿਕਾਰੀਆਂ ਦੇ ਪੱਧਰ ’ਤੇ ਇੱਕ ਕਮੇਟੀ ਗਠਿਤ ਕਰਨ ਦਾ ਫ਼ੈਸਲਾ ਕੀਤਾ ਗਿਆ, ਜਿਸ ਵਿੱਚ ਯੂਨੀਅਨ ਦੇ ਦੋ ਨੁਮਾਇੰਦਿਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ, ਤਾਂ ਜੋ ਮੰਗਾਂ ਸਬੰਧੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਹਨਾਂ ਦੇ ਹੱਲ ਲਈ ਕਾਰਵਾਈ ਕੀਤੀ ਜਾ ਸਕੇ।

ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਯਤਨਸ਼ੀਲ ਹੈ, ਉੱਥੇ ਹੀ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪੰਜਾਬ ਸਰਕਾਰ ਮੁਲਾਜ਼ਮਾਂ ਦੇ ਹਿੱਤਾਂ ਨੂੰ ਹਮੇਸ਼ਾ ਸਰਵਉੱਚ ਰੱਖਦੀ ਹੈ। ਉਨ੍ਹਾਂ ਯੂਨੀਅਨ ਦੇ ਨੁਮਾਇੰਦਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਹੀ ਪੂਰਾ ਕੀਤਾ ਜਾਵੇਗਾ। ਭਵਿੱਖ ਵਿੱਚ ਵੀ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਹ ਮੁਲਾਜਮਾਂ ਦੀ ਬਿਹਤਰੀ ਲਈ ਲਗਾਤਾਰ ਕਾਰਜਸ਼ੀਲ ਰਹਿਣਗੇ।

ਲਾਇਨਜ਼ ਕਲੱਬ ਮੋਹਾਲੀ ਸੁਪਰੀਮ ਅਤੇ ਵੇਯਾਂਗੋਡਾ ਵਿਚਕਾਰ ਅੰਤਰਰਾਸ਼ਟਰੀ ਟਵਿਨਿੰਗ ਸਮਾਰੋਹ ਆਯੋਜਿਤ

- **ਸੇਵਾ ਪ੍ਰੋਜੈਕਟ ਰਾਹੀਂ ਭਾਰਤ-ਸ਼੍ਰੀਲੰਕਾ ਮਿੱਤਰਤਾ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਮਿਲਿਆ ਉਤਸ਼ਾਹ**

ਮੋਹਾਲੀ, 3 ਸਤੰਬਰ
(ਪੈ.ਗਾਮ-ਏ-ਜਗਤ)

ਲਾਇਨਜ਼ ਕਲੱਬ ਆਫ਼ ਵੇਯਾਂਗੋਡਾ, ਡਿਸਟ੍ਰਿਕਟ 306 ਡੀ5, ਸ਼੍ਰੀਲੰਕਾ ਅਤੇ ਲਾਇੰਸ ਕਲੱਬ ਆਫ਼ ਮੋਹਾਲੀ ਸੁਪਰੀਮ (ਰਜਿ.), ਡਿਸਟ੍ਰਿਕਟ 321ਐੱਫ, ਭਾਰਤ ਵਿਚਕਾਰ 26 ਅਗਸਤ ਨੂੰ ਇੱਕ ਮਹੱਤਵਪੂਰਨ ਸੇਵਾ ਪ੍ਰੋਜੈਕਟ ਅਤੇ ਅੰਤਰਰਾਸ਼ਟਰੀ ਕਲੱਬ ਟਵਿਨਿੰਗ ਸਮਾਰੋਹ ਆਯੋਜਿਤ ਕੀਤਾ ਗਿਆ।

ਇਸ ਪਹਿਲ ਦਾ ਉਦੇਸ਼ ਅੰਤਰਰਾਸ਼ਟਰੀ ਮਿੱਤਰਤਾ, ਭਾਈਚਾਰੇ ਅਤੇ ਸਮਾਜ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ।ਸਮਾਰੋਹ ਵਿੱਚ ਭਾਰਤ ਅਤੇ ਸ਼੍ਰੀਲੰਕਾ ਦੇ ਲਾਇੰਸ ਅਧਿਕਾਰੀਆਂ ਅਤੇ ਮੈਂਬਰਾਂ ਨੇ ਹਿੱਸਾ ਲਿਆ ਅਤੇ ਲਾਇੰਸ ਇੰਟਰਨੈਸ਼ਨਲ ਦੇ ਮੂਲ ਮੰਤਰ “ਵੀ ਸਰਵ”ਤਹਿਤ ਸਮਾਜ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਕਲੱਬ ਟਵਿਨਿੰਗ ਰਾਹੀਂ ਦੋਵਾਂ ਕਲੱਬਾਂ ਵਿਚਕਾਰ ਆਪਸੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਭਵਿੱਖ ਵਿੱਚ ਸਾਂਝੇ ਸੇਵਾ ਪ੍ਰੋਜੈਕਟਾਂ ਅਤੇ ਅੰਤਰਰਾਸ਼ਟਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ’ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ’ਤੇ ਡਿਸਟ੍ਰਿਕਟ ਗਵਰਨਰ ਲਾਇਨ ਗਿਆਨ ਲਕਸ਼ਮਣ, PMJF, PMAF; PMCC ਲਾਇਨ ਇੰਦਰਾ ਕੌਸ਼ਲ ਰਾਜਪਕਸ਼ੇ, PMJF, PMAF; ਲਾਇਨ CGL ਤਿਲਕ ਰਾਜ, PMJF, ਡਿਸਟ੍ਰਿਕਟ ਚੇਅਰਪਰਸਨ-ਗਵਰਨਰ ਪ੍ਰੈੱਸ ਅਤੇ ਮੀਡੀਆ, ਡਿਸਟ੍ਰਿਕਟ 321ਐੱਫ; GST ਕੋਆਰਡੀਨੇਟਰ ਲਾਇਨ ਦੁਮਿੰਦਾ; ਟੀਮ ਲੀਡਰ-ਇੰਟਰਨੈਸ਼ਨਲ ਰਿਲੇਸ਼ਨਜ਼ ਲਾਇਨ ਲਕਸ਼ਮਣ; ਰੀਜਨ ਚੇਅਰਪਰਸਨ ਲਾਇਨ ਗਿਆਨ; ਜ਼ੋਨ ਚੇਅਰਪਰਸਨ ਲਾਇਨ ਮੇਵਾਨ ਅਤੇ ਲਾਇੰਸ ਕਲੱਬ ਆਫ਼ ਅੱਟਾਨਾਗੱਲਾ ਦੇ ਪ੍ਰਧਾਨ ਲਾਇਨ ਚਮਿਲਾ ਸਮੇਤ ਕਈ ਲਾਇੰਸ ਅਧਿਕਾਰੀ ਅਤੇ ਮੈਂਬਰ ਹਾਜ਼ਰ ਰਹੇ।ਸਮਾਰੋਹ ਦੌਰਾਨ ਲਾਇੰਸ ਆਗੂਆਂ ਨੇ ਅੰਤਰਰਾਸ਼ਟਰੀ ਸਹਿਯੋਗ, ਭਾਈਚਾਰੇ ਅਤੇ ਮਨੁੱਖੀ ਸੇਵਾ ਦੀ ਮਹੱਤਤਾ ’ਤੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਅੰਤਰਰਾਸ਼ਟਰੀ ਪ੍ਰੋਗਰਾਮ ਵੱਖ-ਵੱਖ ਦੇਸ਼ਾਂ ਦੇ ਲਾਇੰਸ ਮੈਂਬਰਾਂ ਨੂੰ ਇਕੱਠੇ ਮਿਲ ਕੇ ਸਮਾਜ ਸੇਵਾ ਕਰਨ ਅਤੇ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।



CGL ਲਾਇਨ ਤਿਲਕ ਰਾਜ, PMJF, ਚਾਰਟਰ ਪ੍ਰਧਾਨ, ਲਾਇੰਸ ਕਲੱਬ ਆਫ਼ ਮੋਹਾਲੀ ਸੁਪਰੀਮ (ਰਜਿ.) ਅਤੇ ਡਿਪਟੀ ਡਿਸਟ੍ਰਿਕਟ ਗਵਰਨਰ-ਪ੍ਰੈੱਸ ਅਤੇ ਮੀਡੀਆ, ਡਿਸਟ੍ਰਿਕਟ 321ਐੱਫ ਨੇ ਲਾਇੰਸ ਕਲੱਬ ਆਫ਼ ਵੇਯਾਂਗੋਡਾ ਅਤੇ ਸ਼੍ਰੀਲੰਕਾ ਦੇ ਲਾਇੰਸ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਅਤੇ ਸ਼੍ਰੀਲੰਕਾ ਦੇ ਦੋਵਾਂ ਲਾਇੰਸ ਕਲੱਬਾਂ ਵਿਚਕਾਰ ਇਹ ਸਾਂਝੇਦਾਰੀ ਭਵਿੱਖ ਵਿੱਚ ਸਾਂਝੇ ਸੇਵਾ ਪ੍ਰੋਜੈਕਟਾਂ, ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਆਪਸੀ ਸਹਿਯੋਗ ਦੇ ਨਵੇਂ ਮੌਕੇ ਪੈਦਾ ਕਰੇਗੀ।ਸਮਾਰੋਹ ਦੇ ਅੰਤ ਵਿੱਚ ਦੋਵਾਂ ਕਲੱਬਾਂ ਨੇ ਸੇਵਾ, ਮਿੱਤਰਤਾ ਅਤੇ ਭਾਈਚਾਰੇ ਦੀ ਭਾਵਨਾ ਨਾਲ ਭਵਿੱਖ ਵਿੱਚ ਵੀ ਮਿਲਜੁਲ ਕੇ ਕੰਮ ਕਰਨ ਦਾ ਸੰਕਲਪ ਲਿਆ।ਪ੍ਰੋਗਰਾਮ ਦਾ ਸੰਦੇਸ਼ ਰਿਹਾ— “ਸੇਵਾ ਵਿੱਚ ਸਾਥ, ਮਿੱਤਰਤਾ ਵਿੱਚ ਏਕਤਾ ਅਤੇ ਲਾਇਨਿਜ਼ਮ ਵਿੱਚ ਹੋਰ ਮਜ਼ਬੂਤੀ।

ਰੇਹੜੀ ਚਾਲਕ ਨੇ ਤਲਾਅ ਵਿਚ ਛਾਲ ਮਾਰ ਕੇ ਕੀਤੀ ਖ਼ੁਦਕੁਸ਼ੀ

ਪੈ.ਗਾਮ-ਏ-ਜਗਤ
ਅੰਬਾਲਾ, 3 ਸਤੰਬਰ (ਆਰ.ਸਿੰਘ)

ਅੱਜ ਸਵੇਰੇ ਸ਼ੱਕੀ ਹਾਲਤਾਂ ਵਿੱਚ ਇਕ ਨੌਜਵਾਨ ਨੇ ਸ਼ਹਿਰ ਦੇ ਭਗਵਾਨ ਮਹਾਂਵੀਰ ਪਾਰਕ ਵਿਚਲੇ ਤਲਾਅ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ।

ਇਸ ਘਟਨਾ ਨੂੰ ਦੇਖ ਰਹੇ ਇੱਕ ਆਟੋ ਚਾਲਕ ਨੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਪੁਲੀਸ ਨੇ ਮੌਕੇ ਤੇ ਪਹੁੰਚ ਕੇ ਗੋਤਾ ਖੋਰਾਂ ਦੀ ਟੀਮ ਦੀ ਸਹਾਇਤਾ ਨਾਲ ਨੌਜਵਾਨ ਨੂੰ ਤਲਾਬ ਵਿਚੋਂ ਬਾਹਰ ਕੱਢਿਆਂ ਅਤੇ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਹਿਚਾਣ ਪਰਸ਼ੂਰਾਮ ਕਾਲੋਨੀ ਦੇ ਰਹਿਣ ਵਾਲੇ 30 ਸਾਲਾ ਮਨੋਹਰ ਵਜੋਂ ਹੋਈ ਹੈ ਜੋ ਅਗਰਸੇਨ ਚੌਕ ’ਤੇ ਫਰੂਟ ਦੀ ਰੇਹੜੀ ਲਾਉਂਦਾ ਸੀ। ਉਹ ਅੱਜ ਸਵੇਰੇ ਲਗਭਗ 10:30 ਵਜੇ ਅਚਾਨਕ ਆਪਣੀ ਰੇਹੜੀ ਛੱਡ ਕੇ ਕਿਤੇ ਚਲਾ ਗਿਆ। ਜਦੋਂ ਕਾਫ਼ੀ ਦੇਰ ਤੱਕ ਵਾਪਸ ਨਾ ਮੁੜਿਆ ਤਾਂ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਦੁਕਾਨਦਾਰਾਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਪਰ ਉਹ ਕਿਤੇ ਨਹੀਂ ਮਿਲਿਆ। ਇਸ ਦੌਰਾਨ ਇੱਕ ਆਟੋ ਚਾਲਕ ਮਹਾਵੀਰ ਪਾਰਕ ਦੇ ਨੇੜੇ ਆਰਾਮ ਕਰਨ ਲਈ ਰੁਕਿਆ ਅਤੇ ਉਸ ਨੇ ਮਨੋਹਰ ਨੂੰ ਤਲਾਅ ਵੱਲ ਜਾਂਦੇ ਦੇਖਿਆ। ਆਟੋ ਚਾਲਕ ਨੇ ਉਸ ਨੂੰ ਅਵਾਜ਼ ਮਾਰ ਕੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਅਣਸੁਣਿਆ ਕਰਦਿਆਂ ਤਲਾਬ ਵਿਚ ਛਾਲ ਵਿੱਚ ਛਾਲ ਮਾਰ ਦਿੱਤੀ। ਆਟੋ ਚਾਲਕ ਨੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਸੂਚਨਾ ਮਿਲਣ ’ਤੇ ਪੁਲੀਸ ਗੋਤਾ ਖੋਰਾਂ ਨਾਲ ਮੌਕੇ ’ਤੇ ਪਹੁੰਚੀ ਅਤੇ ਤਲਾਅ ਵਿੱਚ ਨੌਜਵਾਨ ਦੀ ਭਾਲ ਸ਼ੁਰੂ ਕਰ ਦਿੱਤੀ।



ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਗੋਤਾ ਖੋਰਾਂ ਨੇ ਮਨੋਹਰ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਅਤੇ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਚੌਕੀ ਇੰਚਾਰਜ ਦੇ ਅਨੁਸਾਰ ਮ੍ਰਿਤਕ ਦੀ ਪਛਾਣ ਮਨੋਹਰ ਵਜੋਂ ਹੋਈ ਹੈ ਅਤੇ ਉਸ ਦੀ ਪਤਨੀ ਦਾ ਨਾਮ ਕਿਰਨ ਹੈ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨੌਜਵਾਨ ਦੇ ਤਲਾਅ ਵਿੱਚ ਛਾਲ ਮਾਰਨ ਦਾ ਕਾਰਨ ਫ਼?ਲਹਾਲ ਨਹੀਂ ਪਤਾ। ਪੁਲੀਸ ਘਟਨਾ ਦੇ ਕਾਰਨ ਦਾ ਪਤਾ ਲਾਉਣ ਲਈ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਨਿਵਾਸੀਆਂ ਤੋਂ ਪੁੱਛ-ਗਿੱਛ ਕਰ ਰਹੀ ਹੈ।

ਪਿਛਲੀਆਂ ਸਰਕਾਰਾਂ ਦਾ ਹਵਾਲਾ ਦੇ ਕੇ ਮੁਲਾਜ਼ਮਾਂ ਦੇ 14,191 ਕਰੋੜ ਰੁਪਏ ਦੇ ਬਕਾਇਆ ਮਹਿੰਗਾਈ ਭੱਤੇ ਦੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ ਆਪ ਸਰਕਾਰ : ਅਮਨਜੋਤ ਕੌਰ ਰਾਮੂਵਾਲੀਆ

ਐਸ.ਏ.ਐਸ. ਨਗਰ, 3 ਸਤੰਬਰ
(ਪੈ.ਗਾਮ-ਏ-ਜਗਤ)

ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਣੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਹੈ ਕਿ ਪੰਜਾਬ ਦੀ ਸੱਤਾ ਤੇ ਕਾਬਜ ਆਪ ਸਰਕਾਰ, ਪਿਛਲੀਆਂ ਸਰਕਾਰਾਂ ਦਾ ਹਵਾਲਾ ਦੇ ਕੇ ਮੁਲਾਜ਼ਮਾਂ ਦੇ 14,191 ਕਰੋੜ ਰੁਪਏ ਦੇ ਬਕਾਇਆ ਮਹਿੰਗਾਈ ਭੱਤੇ ਦੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ। ਇੱਥੇ ਜਾਰੀ ਬਿਆਨ ਵਿੱਚ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਬਕਾਇਆ ਪਿਛਲੇ ਸਮੇਂ ਤੋਂ ਚੱਲਿਆ ਆ ਰਿਹਾ ਹੈ ਅਤੇ ਸਰਕਾਰ ਵੱਲੋਂ ਇਸ ਵਿੱਚੋਂ ਕੁਝ ਰਕਮ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਕੁਝ ਬਕਾਇਆ ਅਦਾ ਕੀਤਾ ਹੈ ਤਾਂ ਇਹ ਸਵਾਗਤਯੋਗ ਹੈ, ਪਰ ਅਸਲ ਸਵਾਲ ਅਜੇ ਵੀ ਬਾਕੀ ਹੈ ਕਿ ਲਗਭਗ 14,191 ਕਰੋੜ ਰੁਪਏ ਦੀ ਕੁੱਲ ਵਿੱਤੀ ਜ਼ਿੰਮੇਵਾਰੀ ਵਿੱਚੋਂ ਬਾਕੀ ਰਕਮ ਕਦੋਂ ਤੱਕ ਅਦਾ ਕੀਤੀ ਜਾਵੇਗੀ?

ਉਹਨਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਕਰਮਚਾਰੀ ਅਤੇ ਪੈਨਸ਼ਨਰ ਪਿਛਲੀਆਂ ਸਰਕਾਰਾਂ ਦੇ ਨਹੀਂ, ਮੌਜੂਦਾ ਸਰਕਾਰ ਦੇ ਅਧੀਨ ਸੇਵਾ ਕਰ ਰਹੇ ਹਨ ਅਤੇ ਅੱਜ ਉਨ੍ਹਾਂ ਦੇ ਹੱਕਾਂ ਦੀ ਜ਼ਿੰਮੇਵਾਰੀ ਵੀ ਮੌਜੂਦਾ ਸਰਕਾਰ ਦੀ ਹੀ ਹੈ। ਇਸ ਲਈ ਬਕਾਏ ਦੀ ਪੂਰੀ ਅਦਾਇਗੀ ਲਈ ਸਪੱਸ਼ਟ ਸਮਾਂ-ਸੀਮਾ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਕਾਏ ਦੀ ਅਦਾਇਗੀ ਸਬੰਧੀ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਸਰਕਾਰ ਵੱਲੋਂ ਸੁਪਰੀਮ ਕੋਰਟ ਦਾ ਰੁਖ ਕੀਤਾ ਗਿਆ ਹੈ। ਉਹਨਾਂ ਸਵਾਲ ਕੀਤਾ ਕਿ ਜੇਕਰ ਸਰਕਾਰ ਕੋਲ ਮੁਲਾਜ਼ਮਾਂ ਦੇ ਬਣਦੇ ਹੱਕ ਦੇਣ ਲਈ ਵਿੱਤੀ ਸਰੋਤ ਨਹੀਂ ਹਨ ਤਾਂ ਇਸ਼ਤਿਹਾਰਾਂ ਅਤੇ ਸਿਆਸੀ ਪ੍ਰਚਾਰ ਲਈ ਪੈਸਾ ਕਿੱਥੋਂ ਆ ਰਿਹਾ ਹੈ?

ਉਹਨਾਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਆਪਣੇ ਹੱਕਾਂ ਲਈ ਇੰਤਜ਼ਾਰ ਕਰਵਾਉਣਾ ਅਤੇ ਦੂਜੇ ਪਾਸੇ ਸਰਕਾਰੀ ਪ੍ਰਚਾਰ ਤੇ ਖਰਚ ਕਰਨਾ ਸਰਕਾਰ ਦੀਆਂ ਤਰਜੀਹਾਂ ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜੇਕਰ ਬਕਾਏ ਦੀ ਅਦਾਇਗੀ ਪੜਾਅਵਾਰ ਕਰਨ ਦੀ ਯੋਜਨਾ ਬਣਾਈ ਗਈ ਹੈ ਤਾਂ ਹਰ ਪੜਾਅ ਵਿੱਚ ਕਿੰਨੀ ਰਕਮ ਦਿੱਤੀ ਜਾਵੇਗੀ ਅਤੇ ਪੂਰੇ ਬਕਾਏ ਦੀ ਅਦਾਇਗੀ ਕਿਸ ਨਿਸ਼ਚਿਤ ਸਮੇਂ ਤੱਕ ਮੁਕੰਮਲ ਹੋਵੇਗੀ। ਪੰਜਾਬ ਦੇ ਕਰਮਚਾਰੀ ਸਿਰਫ਼ ਭਰੋਸੇ ਨਹੀਂ, ਆਪਣੇ ਹੱਕਾਂ ਦੀ ਸਪੱਸ਼ਟ ਤਾਰੀਖ ਚਾਹੁੰਦੇ ਹਨ। ਬੀਬੀ ਰਾਮੂਵਾਲੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰੀ ਕਰਮਚਾਰੀਆਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ।

ਨੌਜਵਾਨਾਂ ਨੂੰ ਹਿਮਾਚਲ ਦੀਆਂ ਚੁਣੌਤੀਆਂ ਦੇ ਤਕਨੀਕੀ ਹੱਲ ਲੱਭਣੇ ਚਾਹੀਦੇ ਹਨ: ਰਾਜਪਾਲ

ਊਨਾ, 3 ਸਤੰਬਰ (ਪੈ.ਗਾਮ-ਏ-ਜਗਤ)



ਰਾਜਪਾਲ ਕਵਿੰਦਰ ਗੁਪਤਾ ਨੇ ਨੌਜਵਾਨਾਂ ਨੂੰ ਹਿਮਾਚਲ ਪ੍ਰਦੇਸ਼ ਨੂੰ ਦਰਪੇਸ਼ ਕੁਦਰਤੀ ਆਫ਼ਤਾਂ ਅਤੇ ਹੋਰ ਸਥਾਨਕ ਚੁਣੌਤੀਆਂ ਲਈ ਤਕਨੀਕੀ ਹੱਲ ਵਿਕਸਤ ਕਰਨ ਦਾ

- 206 ਵਿਦਿਆਰਥੀ IIIT ਊਨਾ ਦੇ 8ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਗ੍ਰੈਜੂਏਟ ਹੋਏ

ਸੱਦਾ ਦਿੱਤਾ। ਉਹ ਵੀਰਵਾਰ ਨੂੰ ਊਨਾ ਦੇ ਲਤਾ ਮੰਗੇਸ਼ਕਰ ਕਲਾ ਕੇਂਦਰ ਵਿਖੇ ਆਯੋਜਿਤ 999" ਊਨਾ ਦੇ 8ਵੇਂ ਕਨਵੋਕੇਸ਼ਨ ਸਮਾਰੋਹ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।

ਰਾਜਪਾਲ ਨੇ ਕਿਹਾ ਕਿ ਹਿਮਾਚਲ ਵਿੱਚ ਬਰਫ਼ਬਾਰੀ, ਜ਼ਮੀਨ ਖਿਸਕਣ ਅਤੇ ਹੋਰ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਤਕਨਾਲੋਜੀ ਵਿਕਸਤ ਕਰਨ ਦੀ ਜ਼ਰੂਰਤ ਹੈ-ਅਜਿਹੀ ਤਕਨਾਲੋਜੀ ਜੋ ਸੰਭਾਵੀ ਆਫ਼ਤਾਂ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਦਾਨ ਕਰ ਸਕੇ ਅਤੇ ਸਮੇਂ ਸਿਰ ਨੁਕਸਾਨ ਨੂੰ ਘੱਟ ਕਰਨ ਵਿੱਚ ਮਦਦ ਕਰ ਸਕੇ। ਉਨ੍ਹਾਂ ਨੌਜਵਾਨਾਂ ਨੂੰ ਆਫ਼ਤ ਪ੍ਰਬੰਧਨ, ਖੇਤੀਬਾੜੀ, ਪਾਣੀ ਸੰਭਾਲ ਅਤੇ ਪੇਂਡੂ ਉੱਦਮਤਾ ਵਰਗੇ ਖੇਤਰਾਂ ਵਿੱਚ ਤਕਨੀਕੀ ਹੱਲ ਵਿਕਸਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ AI, IoT, ਸੈਮੀਕੰਡਕਟਰ, ਰੋਬੋਟਿਕਸ ਅਤੇ ਕੁਆਂਟਮ ਕੰਪਿਊਟਿੰਗ ਵਰਗੀਆਂ ਤਕਨਾਲੋਜੀਆਂ ਤੇਜ਼ੀ ਨਾਲ ਦੁਨੀਆ ਨੂੰ ਬਦਲ ਰਹੀਆਂ ਹਨ। ਨੌਜਵਾਨਾਂ ਨੂੰ ਇਨ੍ਹਾਂ ਤਕਨਾਲੋਜੀਆਂ ਦੀ ਵਰਤੋਂ ਸਮਾਜ ਦੇ ਇੱਕ ਵਿਸ਼ਾਲ ਵਰਗ ਨੂੰ ਲਾਭ ਪਹੁੰਚਾਉਣ ਵਾਲੀਆਂ ਨਵੀਨਤਾਵਾਂ ਲਈ ਕਰਨੀ ਚਾਹੀਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤਕਨੀਕੀ ਮੁਹਾਰਤ ਦੇ ਨਾਲ-ਨਾਲ ਚਰਿੱਤਰ, ਇਮਾਨਦਾਰੀ ਅਤੇ ਜ਼ਿੰਮੇਵਾਰ ਨਾਗਰਿਕਤਾ ਵੀ ਜ਼ਰੂਰੀ ਹਨ। ਰਾਜਪਾਲ ਨੇ ਟਿੱਪਣੀ ਕੀਤੀ ਕਿ ਡਿਗਰੀ ਅੰਤਿਮ ਮੰਜ਼ਿਲ ਨਹੀਂ ਹੈ ਸਗੋਂ ਨਵੀਆਂ ਜ਼ਿੰਮੇਵਾਰੀਆਂ ਅਤੇ ਸੰਭਾਵਨਾਵਾਂ ਨਾਲ ਭਰੀ ਯਾਤਰਾ ਦੀ ਨੀਂਹ ਹੈ। ਉਨ੍ਹਾਂ ਨੌਜਵਾਨਾਂ ਨੂੰ 'ਵਿਕਸਤ ਭਾਰਤ 2047' (ਵਿਕਸਿਤ ਭਾਰਤ 2047) ਬਣਾਉਣ ਵਿੱਚ ਯੋਗਦਾਨ ਪਾਉਣ ਅਤੇ ਵਿਕਸਤ ਹੋ ਰਹੀ ਤਕਨਾਲੋਜੀ ਦੇ ਵਿਚਕਾਰ ਲਗਾਤਾਰ ਸਿੱਖਦੇ ਰਹਿਣ ਦਾ ਸੱਦਾ ਦਿੱਤਾ।

ਲੋਕ ਸਭਾ ਮੈਂਬਰ ਅਨੁਰਾਗ ਸਿੰਘ ਠਾਕੁਰ ਨੇ ਕਿਹਾ ਕਿ ਨੌਜਵਾਨ ਭਾਰਤ ਦਾ ਭਵਿੱਖ ਅਤੇ ਕਿਸਮਤ ਹਨ। ਉਨ੍ਹਾਂ ਨੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿੱਚ ਸ਼ਾਮਲ ਹੋਣ ਦੇ ਨਾਲ-ਨਾਲ ਨਵੀਨਤਾ, ਉੱਦਮਤਾ ਅਤੇ ਤਕਨਾਲੋਜੀ ਰਾਹੀਂ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਰਾਜ ਸਭਾ ਮੈਂਬਰ ਪ੍ਰੋ. ਸਿਕੰਦਰ ਕੁਮਾਰ ਨੇ ਨੌਜਵਾਨਾਂ ਨੂੰ ਰੁਜ਼ਗਾਰ ਪੈਦਾ ਕਰਨ ਵਾਲੇ ਬਣਨ ਅਤੇ ਹਿਮਾਚਲ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਆਂ ਤਕਨਾਲੋਜੀਆਂ ਵਿਕਸਤ ਕਰਨ ਦਾ ਸੱਦਾ ਦਿੱਤਾ।

206 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ

ਕਨਵੋਕੇਸ਼ਨ ਸਮਾਰੋਹ ਵਿੱਚ ਕੁੱਲ 206 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 189 ਬੀ.ਟੈਕ. ਵਿਦਿਆਰਥੀ ਅਤੇ 17 ਐਮ.ਟੈਕ. (ਸੀਐਸਈ-ਡਾਟਾ ਸਾਇੰਸ) ਵਿਦਿਆਰਥੀ ਸ਼ਾਮਲ ਸਨ। ਸੀਐਸਈ (ਡਾਟਾ ਸਾਇੰਸ) ਦੇ ਪਹਿਲੇ ਬੈਚ ਦੇ ਵਿਦਿਆਰਥੀਆਂ ਨੇ ਵੀ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਬੀ.ਟੈਕ. ਦੇ ਵਿਦਿਆਰਥੀਆਂ ਨੇ 95.86 ਪ੍ਰਤੀਸ਼ਤ ਦੀ ਪਲੇਸਮੈਂਟ ਦਰ ਦਰਜ ਕੀਤੀ; 169 ਵਿਦਿਆਰਥੀਆਂ ਵਿੱਚੋਂ 162 ਵਿਦਿਆਰਥੀਆਂ ਨੂੰ ਚੁਣਿਆ ਗਿਆ। ਸਭ ਤੋਂ ਵੱਧ ਪੈਕੇਜ ?53.6 ਲੱਖ ਦਾ ਸੀ, ਜਦੋਂ ਕਿ ਔਸਤ ਸਾਲਾਨਾ ਪੈਕੇਜ ?13.46 ਲੱਖ ਸੀ। 70 ਤੋਂ ਵੱਧ ਭਰਤੀ ਕਰਨ ਵਾਲਿਆਂ ਨੇ ਪਲੇਸਮੈਂਟ ਡਰਾਈਵ ਵਿੱਚ ਹਿੱਸਾ ਲਿਆ। ਇਸ ਮੌਕੇ 'ਤੇ, ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਅਕਾਦਮਿਕ ਉੱਤਮਤਾ ਲਈ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਵੀ ਪ੍ਰਦਾਨ ਕੀਤੇ ਗਏ। ਸਮਾਰੋਹ ਵਿੱਚ ਅਧਿਕਾਰੀ, ਫੈਕਲਟੀ ਮੈਂਬਰ, ਮਾਪੇ ਅਤੇ ਸੰਸਥਾ ਦੇ ਮੈਂਬਰ ਮੌਜੂਦ ਸਨ।

ਪੰਜਾਬ ਸਰਕਾਰ ਨੇ ਪੰਜ ਸਰਕਾਰੀ ਪੌਲੀਟੈਕਨਿਕ ਕਾਲਜਾਂ ਵਿੱਚ ਇਨੋਵੇਸ਼ਨ ਲੈਬਾਂ ਦੀ ਸ਼ੁਰੂਆਤ ਕੀਤੀ

ਖਰੜ, 03 ਸਤੰਬਰ, (ਪੈ.ਗਾਮ-ਏ-ਜਗਤ)

- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਹੱਥੀਂ ਸਿਖਲਾਈ, ਪ੍ਰੋਟੋਟਾਈਪਿੰਗ ਅਤੇ ਉਦਯੋਗ-ਤਿਆਰ ਹੁਨਰਾਂ ਨੂੰ ਉਤਸ਼ਾਹਿਤ ਕਰਨ ਲਈ 'ਪੰਜਾਬ ਸਿੱਖੀਆ ਕ੍ਰਾਂਤੀ' ਤਹਿਤ ਪਹਿਲਕਦਮੀ ਦਾ ਉਦਘਾਟਨ ਕੀਤਾ



ਤਕਨੀਕੀ ਸਿੱਖਿਆ ਦੇ ਆਧੁਨਿਕੀਕਰਨ ਅਤੇ ਵਿਦਿਆਰਥੀਆਂ ਨੂੰ ਭਵਿੱਖ ਦੇ ਰੁਜ਼ਗਾਰ ਲਈ ਤਿਆਰ ਕਰਨ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ, ਪੰਜਾਬ ਸਰਕਾਰ ਨੇ ਫਲੈਗਸ਼ਿਪ **"ਪੰਜਾਬ ਸਿੱਖੀਆ ਕ੍ਰਾਂਤੀ"** ਪਹਿਲਕਦਮੀ ਦੇ ਤਹਿਤ ਪੰਜ ਸਰਕਾਰੀ ਪੌਲੀਟੈਕਨਿਕ ਕਾਲਜਾਂ ਵਿੱਚ ਇਨੋਵੇਸ਼ਨ ਲੈਬਾਂ ਦੀ ਸ਼ੁਰੂਆਤ ਕੀਤੀ ਹੈ। ਇਨੋਵੇਸ਼ਨ ਲੈਬਾਂ ਦਾ ਰਸਮੀ ਉਦਘਾਟਨ ਪੰਜਾਬ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਸ. ਹਰਜੋਤ ਸਿੰਘ ਬੈਂਸ ਦੁਆਰਾ ਸਰਕਾਰੀ ਪੌਲੀਟੈਕਨਿਕ ਕਾਲਜ, ਖੂਨੀਮਾਜਰਾ, ਖਰੜ ਵਿਖੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਦੀ ਮੌਜੂਦਗੀ ਵਿੱਚ ਕੀਤਾ ਗਿਆ।

ਇਹ ਪਹਿਲ ਵਿਭਾ ਇੰਡੀਆ ਅਤੇ ਮੇਕਰ ਭਵਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਕੀਤੀ ਗਈ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਆਧੁਨਿਕ ਬੁਨਿਆਦੀ ਢਾਂਚਾ, ਉੱਨਤ ਸਾਧਨ ਅਤੇ ਅਨੁਭਵੀ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਤਕਨੀਕੀ ਮੁਹਾਰਤ ਦੇ ਨਾਲ ਸਰਕਾਰੀ ਸਹਾਇਤਾ ਨੂੰ ਜੋੜਿਆ ਗਿਆ ਹੈ। ਮੰਤਰੀ ਨੇ ਕਿਹਾ ਕਿ ਸਰਕਾਰੀ ਪੌਲੀਟੈਕਨਿਕ ਕਾਲਜ, ਖੂਨੀਮਾਜਰਾ; ਸਰਕਾਰੀ ਪੌਲੀਟੈਕਨਿਕ ਕਾਲਜ, ਬਠਿੰਡਾ; ਸਰਕਾਰੀ ਪੌਲੀਟੈਕਨਿਕ ਕਾਲਜ, ਫਿਰੋਜ਼ਪੁਰ; ਸਰਕਾਰੀ ਪੌਲੀਟੈਕਨਿਕ ਕਾਲਜ, ਬਡਬਰ; ਅਤੇ ਸਰਕਾਰੀ ਪੌਲੀਟੈਕਨਿਕ ਕਾਲਜ, ਤਲਵਾੜਾ ਵਿਖੇ ਇਨੋਵੇਸ਼ਨ ਲੈਬਾਂ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਕੁੱਲ ਲਾਗਤ **1.5 ਕਰੋੜ** ਹੈ।

ਕਲਾਸਰੂਮ ਸਿੱਖਿਆ ਨੂੰ ਪੂਰਾ ਕਰਨ ਲਈ ਤਿਆਰ ਕੀਤੀਆਂ ਗਈਆਂ, ਇਹ ਲੈਬਾਂ ਹੱਥੀਂ ਬਣਾਉਣ ਵਾਲੀਆਂ ਥਾਵਾਂ ਵਜੋਂ ਕੰਮ ਕਰਨਗੀਆਂ ਜਿੱਥੇ ਵਿਦਿਆਰਥੀ ਆਧੁਨਿਕ ਤਕਨਾਲੋਜੀਆਂ ਨਾਲ ਪ੍ਰਯੋਗ ਕਰ ਸਕਦੇ ਹਨ, ਪ੍ਰੋਟੋਟਾਈਪ ਵਿਕਸਤ ਕਰ ਸਕਦੇ ਹਨ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਵਿਹਾਰਕ ਹੱਲਾਂ ਵਿੱਚ ਬਦਲ ਸਕਦੇ ਹਨ। ਇਹ ਸਹੂਲਤਾਂ ਅਸਲ-ਸੰਸਾਰ ਦੀਆਂ ਚੁਣੌਤੀਆਂ ਦਾ ਹੱਲ ਕਰਨ ਲਈ ਅੰਤਰ-ਅਨੁਸ਼ਾਸਨੀ ਸਹਿਯੋਗ ਨੂੰ ਵੀ ਉਤਸ਼ਾਹਿਤ ਕਰਨਗੀਆਂ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੌਲੀਟੈਕਨਿਕ ਵਿਦਿਆਰਥੀ ਪੰਜਾਬ ਦੇ ਭਵਿੱਖ ਦੇ ਤਕਨੀਕੀ ਕਾਰਜਬਲ ਦੀ ਨੁਮਾਇੰਦਗੀ ਕਰਦੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਨਾ ਸਿਰਫ਼ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ, ਸਗੋਂ ਨਵੀਨਤਾ ਅਤੇ ਉੱਤਮਤਾ ਲਈ ਲੋੜੀਂਦੇ ਸਾਧਨ, ਤਕਨਾਲੋਜੀ ਅਤੇ ਮੌਕੇ ਵੀ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਤਕਨੀਕੀ ਸੰਸਥਾਵਾਂ ਕਲਾਸਰੂਮ-ਅਧਾਰਤ ਸਿੱਖਿਆ ਤੋਂ ਪਰੇ ਜਾਣ ਅਤੇ ਵਿਦਿਆਰਥੀਆਂ ਨੂੰ ਪ੍ਰਯੋਗ, ਨਵੀਨਤਾ ਅਤੇ ਸਿਰਜਣਾ ਦੇ ਮੌਕੇ ਪ੍ਰਦਾਨ ਕਰਨ। ਲੈਬਾਂ ਤਕਨਾਲੋਜੀ-ਅਧਾਰਤ ਪ੍ਰੋਜੈਕਟਾਂ, ਪ੍ਰੋਟੋਟਾਈਪਿੰਗ ਅਭਿਆਸਾਂ ਅਤੇ ਨਵੀਨਤਾ ਚੁਣੌਤੀਆਂ ਰਾਹੀਂ 21ਵੀਂ ਸਦੀ ਦੇ ਮੁੱਖ ਹੁਨਰ ਜਿਵੇਂ ਕਿ ਰਚਨਾਤਮਕ ਸੋਚ, ਸਮੱਸਿਆ-ਹੱਲ, ਸਹਿਯੋਗ ਅਤੇ ਲਾਗੂ ਤਕਨੀਕੀ ਮੁਹਾਰਤ ਨੂੰ ਉਤਸ਼ਾਹਿਤ ਕਰਨਗੀਆਂ।

ਮੰਤਰੀ ਨੇ ਅੱਗੇ ਕਿਹਾ ਕਿ ਇਹ ਪਹਿਲ ਤਕਨੀਕੀ ਸਿੱਖਿਆ, ਉੱਭਰ ਰਹੀਆਂ ਉਦਯੋਗਿਕ ਜ਼ਰੂਰਤਾਂ ਅਤੇ ਰੁਜ਼ਗਾਰਯੋਗਤਾ ਵਿਚਕਾਰ ਸਬੰਧ ਨੂੰ ਮਜ਼ਬੂਤ ਕਰੇਗੀ। ਇਹ ਸਰਕਾਰੀ ਪੌਲੀਟੈਕਨਿਕ ਕਾਲਜਾਂ ਨੂੰ ਤਕਨੀਕੀ ਨਵੀਨਤਾ, ਉੱਦਮਤਾ ਅਤੇ ਉਦਯੋਗ-ਤਿਆਰ ਪ੍ਰਤਿਭਾ ਦੇ ਕੇਂਦਰਾਂ ਵਿੱਚ ਬਦਲਣ ਵਿੱਚ ਵੀ ਮਦਦ ਕਰੇਗੀ।

ਹੋਰ ਪਹਿਲਕਦਮੀਆਂ ਨੂੰ ਉਜਾਗਰ ਕਰਦੇ ਹੋਏ, ਬੈਂਸ ਨੇ ਕਿਹਾ ਕਿ ਪੰਜਾਬ ਦੀ ਤਕਨੀਕੀ ਸਿੱਖਿਆ ਪ੍ਰਣਾਲੀ ਵਿੱਚ ਪਹਿਲੀ ਵਾਰ ਏਅਰ ਹੋਸਟੇਸ ਕੋਰਸ ਸ਼ੁਰੂ ਕੀਤੇ ਗਏ ਹਨ**। ਉਨ੍ਹਾਂ ਅੱਗੇ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਦੇ ਨਿਰੰਤਰ ਯਤਨਾਂ ਦੇ ਨਤੀਜੇ ਵਜੋਂ ਸਰਕਾਰੀ ਤਕਨੀਕੀ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੁੱਗਣੇ ਹੋਏ ਹਨ।

ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਪਰਿਵਰਤਨਸ਼ੀਲ ਬਦਲਾਅ ਲਿਆਉਣ ਲਈ ਭਗਵੰਤ ਸਿੰਘ ਮਾਨ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਆਧੁਨਿਕ ਬੁਨਿਆਦੀ ਢਾਂਚੇ, ਹੁਨਰ ਵਿਕਾਸ, ਨਵੀਨਤਾ ਅਤੇ ਤਕਨਾਲੋਜੀ-ਅਧਾਰਤ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਨ ਨਾਲ ਰਵਾਇਤੀ ਸਿੱਖਿਆ ਨੂੰ ਇੱਕ ਆਧੁਨਿਕ, ਉੱਤਮਤਾ-ਸੰਚਾਲਿਤ ਵਾਤਾਵਰਣ ਪ੍ਰਣਾਲੀ ਵਿੱਚ ਬਦਲਣ ਵਿੱਚ ਮਦਦ ਮਿਲ ਰਹੀ ਹੈ।

'ਲਿਵਾਥਨ-ਹਾਰਟਸ ਇਨ ਐਕਸ਼ਨ' ਫਿਟਨੈਸ ਈਵੈਂਟ 'ਚ 450 ਲੋਕਾਂ ਨੇ ਲਿਆ ਹਿੱਸਾ

ਚੰਡੀਗੜ੍ਹ, 3 ਸਤੰਬਰ (ਪੈ.ਗਾਮ-ਏ-ਜਗਤ)



ਲਿਵਾਸਾ ਹਸਪਤਾਲ ਮੋਹਾਲੀ ਵੱਲੋਂ ਆਯੋਜਿਤ 'ਲਿਵਾਥਨ-ਹਾਰਟਸ ਇਨ ਐਕਸ਼ਨ' ਫਿਟਨੈਸ ਈਵੈਂਟ ਵਿੱਚ ਲਗਭਗ 450 ਲੋਕਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੇ ਨਾਲ ਹੀ 27 ਦਿਨਾਂ ਦੀ ਫਿਟਨੈਸ ਚੈਲੇਂਜ ਦੀ ਸ਼ੁਰੂਆਤ ਹੋਈ, ਜੋ ਵਿਸ਼ਵ ਦਿਲ ਦਿਵਸ ਦੀ ਤਿਆਰੀ ਵਜੋਂ ਹਰ ਉਮਰ ਦੇ ਲੋਕਾਂ ਨੂੰ ਆਪਣੀ ਪਸੰਦ ਦੀ ਸਰੀਰਕ ਗਤੀਵਿਧੀ ਚੁਣਨ, ਉਸਨੂੰ ਲਗਾਤਾਰ ਕਰਨ ਅਤੇ ਸਰਗਰਮ ਜੀਵਨ ਸ਼ੈਲੀ ਨੂੰ ਆਪਣੀ ਰੋਜ਼ਾਨਾ ਰੁਟੀਨ ਦਾ ਹਿੱਸਾ ਬਣਾਉਣ ਲਈ ਉਤਸ਼ਾਹਿਤ ਕਰਦੀ ਹੈ।

ਪ੍ਰੋਗਰਾਮ ਦੌਰਾਨ ਮੋਹਾਲੀ ਨਗਰ ਨਿਗਮ ਕਮਿਸ਼ਨਰ ਸੰਦੀਪ ਸਿੰਘ ਗੜ੍ਹਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰੋਗਰਾਮ ਵਿੱਚ ਲਿਵਾਸਾ ਹਸਪਤਾਲ ਦੇ ਕਾਰਡੀਅਕ ਸਾਇੰਸਜ਼ ਦੇ ਚੇਅਰਮੈਨ ਡਾ. ਐਚ.ਕੇ. ਬਾਲੀ ਨੇ ਵੀ ਹਿੱਸਾ ਲਿਆ।

ਪ੍ਰੋਗਰਾਮ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਜਿੱਥੇ ਸਾਰੇ ਉਮਰ ਵਰਗਾਂ ਦੇ ਭਾਗੀਦਾਰ ਇੱਕ ਵਾਕ ਲਈ ਇਕੱਠੇ ਹੋਏ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਸਹੁੰ ਚੁੱਕੀ। ਇਸ ਤੋਂ ਇਲਾਵਾ, ਭਾਗੀਦਾਰਾਂ ਨੇ ਜ਼ੁੰਬਾ ਸੈਸ਼ਨ, ਸਟੈਪ ਚੈਲੇਂਜ, ਪਲੈਂਕ ਅਤੇ ਪੁਸ਼-ਅੱਪ ਚੈਲੇਂਜ, ਫਿਟਨੈਸ ਗੇਮਾਂ ਅਤੇ ਹੋਰ ਰੋਚਕ ਗਤੀਵਿਧੀਆਂ ਵਿੱਚ ਵੀ ਉਤਸ਼ਾਹ ਨਾਲ ਭਾਗ ਲਿਆ।

ਪ੍ਰੋਗਰਾਮ ਦੌਰਾਨ ਲਿਵਾਸਾ ਦੇ ਡਾਕਟਰਾਂ ਨੇ ਸਰੀਰਕ ਗਤੀਵਿਧੀ ਨੂੰ ਰੋਜ਼ਾਨਾ ਆਦਤ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਕਿਵੇਂ ਰੋਜ਼ਾਨਾ ਪੈਦਲ ਚੱਲਣਾ ਅਤੇ ਕਸਰਤ ਕਰਨਾ ਦਿਲ ਦੀ ਸਿਹਤ, ਸਟੈਮਿਨਾ, ਵਜ਼ਨ ਕੰਟਰੋਲ ਅਤੇ ਸਮੁੱਚੀ ਤੰਦਰੁਸਤੀ ਵਿੱਚ ਯੋਗਦਾਨ ਪਾਉਂਦਾ ਹੈ। ਭਾਗੀਦਾਰਾਂ ਨੂੰ ਪ੍ਰਤੀ ਦਿਨ 10,000 ਕਦਮ ਚੱਲਣ ਦੇ ਟੀਚੇ ਵੱਲ ਵਧਣ ਲਈ ਉਤਸ਼ਾਹਿਤ ਕੀਤਾ ਗਿਆ, ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਵਿਅਕਤੀਗਤ ਗਤੀਵਿਧੀ ਦੇ ਟੀਚੇ ਵਿਅਕਤੀ ਦੀ ਉਮਰ, ਫਿਟਨੈਸ ਪੱਧਰ ਅਤੇ ਸਿਹਤ ਦੀ ਸਥਿਤੀ 'ਤੇ ਅਧਾਰਤ ਹੋਣੇ ਚਾਹੀਦੇ ਹਨ। ਡਾਕਟਰਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਨਿਯਮਤ ਸਰੀਰਕ ਗਤੀਵਿਧੀ ਦੇ ਨਾਲ-ਨਾਲ ਸੰਤੁਲਿਤ ਖ਼ੁਰਾਕ, ਪੂਰਾ ਪਾਣੀ ਪੀਣਾ, ਪੂਰੀ ਨੀਂਦ, ਤਣਾਅ ਪ੍ਰਬੰਧਨ ਅਤੇ ਸਮੇਂ ਸਿਰ ਸਿਹਤ ਦੀ ਜਾਂਚ ਵੀ ਜ਼ਰੂਰੀ ਹੈ। ਲਿਵਾਸਾ ਹਸਪਤਾਲ ਦੇ ਸੀ.ਈ.ਓ. ਅਨੁਰਾਗ ਯਾਦਵ ਨੇ ਕਿਹਾ ਕਿ ਜਦੋਂ ਵੱਖ-ਵੱਖ ਉਮਰ ਵਰਗਾਂ ਦੇ 450 ਲੋਕ ਸਿਹਤਮੰਦ ਰਹਿਣ ਦੇ ਸਾਂਝੇ ਸੰਕਲਪ ਨਾਲ ਇਕੱਠੇ ਹੁੰਦੇ ਹਨ, ਤਾਂ ਇਹ ਬੀਮਾਰੀਆਂ ਤੋਂ ਬਚਾਅ ਅਤੇ ਸਰਗਰਮ ਜੀਵਨ ਸ਼ੈਲੀ ਦੀ ਮਹੱਤਤਾ ਦਾ ਇੱਕ ਸ਼ਕਤੀਸ਼ਾਲੀ ਸੁਨੇਹਾ ਦਿੰਦਾ ਹੈ। ਫੈਸਿਲਿਟੀ ਡਾਇਰੈਕਟਰ ਡਾ. ਅਭਿਸ਼ੇਕ ਗਰਗ ਨੇ ਕਿਹਾ ਕਿ 'ਲਿਵਾਥਨ' ਦੇ ਜ਼ਰੀਏ ਅਸੀਂ ਅਜਿਹੀ ਜਾਗਰੂਕਤਾ ਪੈਦਾ ਕਰਨਾ ਚਾਹੁੰਦੇ ਹਾਂ ਜੋ ਅਰਥਪੂਰਨ ਅਤੇ ਪੱਕੇ ਜੀਵਨ ਸ਼ੈਲੀ ਦੇ ਬਦਲਾਅ ਵਿੱਚ ਬਦਲੇ। ਅੱਜ ਉਸ ਸਫ਼ਰ ਦੀ ਇੱਕ ਬਹੁਤ ਵਧੀਆ ਸ਼ੁਰੂਆਤ ਸੀ।

ਅਮੇਯ ਫਾਊਂਡੇਸ਼ਨ ਵਲੋਂ ਔਰਤਾਂ ਦੀ ਸਿਹਤ ਜਾਂਚ ਲਈ 6 ਸਤੰਬਰ ਨੂੰ ਲਗਾਇਆ ਜਾਵੇਗਾ ਵਿਸ਼ੇਸ਼ ਕੈਂਸਰ ਜਾਂਚ ਅਤੇ ਮੈਗਾ ਮੈਡੀਕਲ ਕੈਂਪ

ਐਸ.ਏ.ਐਸ. ਨਗਰ, 3 ਸਤੰਬਰ (ਪੈ.ਗਾਮ-ਏ-ਜਗਤ)

ਅਮੇਯ ਫਾਊਂਡੇਸ਼ਨ ਵੱਲੋਂ ਔਰਤਾਂ ਦੀ ਸਿਹਤ ਨੂੰ ਲੈ ਕੇ ਕੀਤੀ ਜਾ ਰਹੀ ਵਿਸ਼ੇਸ਼ ਪਹਿਲ ਦੇ ਤਹਿਤ 6 ਸਤੰਬਰ ਨੂੰ ਸੋਹਾਣਾ ਹਸਪਤਾਲ ਦੇ ਸਹਿਯੋਗ ਨਾਲ ਸੈਕਟਰ-70 ਵਿੱਚ ਕੋਠੀ ਨੰਬਰ 190 ਦੇ ਸਾਹਮਣੇ ਵਾਲੇ ਪਾਰਕ ਵਿੱਚ ਵਿਸ਼ੇਸ਼ ਕੈਂਸਰ ਚੈਕਅਪ ਅਤੇ ਮੈਗਾ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੀ ਚੇਅਰਪਰਸਨ ਆਭਾ ਬਾਂਸਲ ਨੇ ਅੱਜ ਇੱਥੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਦੱਸਿਆ ਕਿ ਕੈਂਪ ਵਿੱਚ ਖਾਸ ਤੌਰ ਤੇ ਔਰਤਾਂ ਲਈ ਕੈਂਸਰ ਨਾਲ ਸਬੰਧਤ ਜਾਂਚ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਹਨਾਂ ਕਿਹਾ ਕਿ ਕੈਂਸਰ ਵਰਗੀ ਗੰਭੀਰ ਬਿਮਾਰੀ ਦੀ ਜੇਕਰ ਸਮੇਂ ਸਿਰ ਜਾਂਚ ਹੋ ਜਾਵੇ ਤਾਂ ਇਸ ਨਾਲ ਲੜਾਈ ਆਸਾਨ ਹੋ ਸਕਦੀ ਹੈ। ਉਹਨਾ ਕਿਹਾ ਕਿ ਔਰਤਾਂ ਅਕਸਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਣੀ ਸਿਹਤ ਵੱਲ ਧਿਆਨ ਨਹੀਂ ਦੇ ਪਾਉਂਦੀਆਂ। ਇਸ ਕਾਰਨ ਕਈ ਵਾਰ ਬਿਮਾਰੀ ਦਾ ਪਤਾ ਦੇਰ ਨਾਲ ਲੱਗਦਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਕੈਂਸਰ ਜਾਂਚ ਦੇ ਨਾਲ-ਨਾਲ ਆਮ ਸਿਹਤ ਜਾਂਚ ਅਤੇ ਡਾਕਟਰੀ ਸਲਾਹ ਦੀ ਸਹੂਲਤ ਵੀ ਉਪਲਬਧ ਹੋਵੇਗੀ। ਸਿਹਤ ਮਾਹਿਰਾਂ ਵੱਲੋਂ ਔਰਤਾਂ ਨੂੰ ਕੈਂਸਰ ਦੇ ਸ਼ੁਰੂਆਤੀ ਲੱਛਣਾਂ, ਬਚਾਅ ਅਤੇ ਸਮੇਂ ਸਿਰ ਜਾਂਚ ਦੀ ਮਹੱਤਤਾ ਬਾਰੇ ਵੀ ਜਾਗਰੂਕ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਅਮੇਯ ਫਾਊਂਡੇਸ਼ਨ ਦਾ ਮਕਸਦ ਸਿਹਤ ਸੇਵਾਵਾਂ ਅਤੇ ਜਾਗਰੂਕਤਾ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ।

ਨਾਰਨੌਂਦ ਦੇ ਵਿਧਾਇਕ ਜੱਸੀ ਪੇਟਵਾਰ ਨੇ ਮਾਨਸੂਨ ਸੈਸ਼ਨ ਦੀ ਸਮੀਖਿਆ ਕੀਤੀ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

- ਕਿਹਾ ਕਿ 12 ਸਾਲਾਂ ਵਿੱਚ ਕਰਜ਼ਾ 70,000 ਕਰੋੜ ਤੋਂ ਵਧ ਕੇ 5.56 ਲੱਖ ਕਰੋੜ ਹੋ ਗਿਆ



ਨਾਰਨੌਂਦ ਦੇ ਵਿਧਾਇਕ ਜੱਸੀ ਪੇਟਵਾਰ ਨੇ ਮਾਨਸੂਨ ਸੈਸ਼ਨ ਦੀ ਕਾਰਵਾਈ ਦੀ ਸਮੀਖਿਆ ਕਰਦੇ ਹੋਏ ਰਾਜ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਾ ਸਿਰਫ਼ ਰਾਜ ਨੂੰ ਕਰਜ਼ੇ ਦੇ ਚੱਕਰ ਵਿੱਚ ਫਸਾਇਆ ਹੈ, ਸਗੋਂ ਸਦਨ ਦੇ ਅੰਦਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਰੁਜ਼ਗਾਰ, ਕਰਮਚਾਰੀ ਭਲਾਈ ਅਤੇ ਖਿਡਾਰੀਆਂ ਨਾਲ ਸਬੰਧਤ ਮੁੱਦਿਆਂ 'ਤੇ ਵੀ ਸਰਕਾਰ ਨੂੰ ਘੇਰਿਆ। ਪੇਟਵਾਰ ਨੇ ਜ਼ਿਕਰ ਕੀਤਾ ਕਿ ਕਾਂਗਰਸੀ ਵਿਧਾਇਕ ਜੰਤਰ-ਮੰਤਰ 'ਤੇ ਵਿਦਿਆਰਥੀਆਂ 'ਤੇ ਹੋਏ ਲਾਠੀਚਾਰਜ ਵਿਰੁੱਧ ਕਾਲੇ ਕੱਪੜੇ ਪਾ ਕੇ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ, ਪਰ ਪੁਲਿਸ ਫੋਰਸ ਨੇ ਉਨ੍ਹਾਂ ਦਾ ਰਸਤਾ ਰੋਕ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ 78 ਸਾਲਾ ਸਾਬਕਾ ਮੁੱਖ ਮੰਤਰੀ ਨਾਲ ਕੁੱਟਮਾਰ ਕੀਤੀ ਗਈ ਅਤੇ ਕਈ ਵਿਧਾਇਕਾਂ ਦੀ ਸਿਹਤ ਵਿਗੜ ਗਈ। ਜਦੋਂ ਵਿਰੋਧੀ ਧਿਰ ਦੇ ਨੁਮਾਇੰਦਿਆਂ ਨੇ ਸਦਨ ਵਿੱਚ ਇਸ ਮੁੱਦੇ 'ਤੇ ਜਵਾਬ ਮੰਗਿਆ, ਤਾਂ ਉਨ੍ਹਾਂ ਵਿਰੁੱਧ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਗਈ, ਜੋ ਕਿ ਇੱਕ ਲੋਕਤੰਤਰੀ ਪ੍ਰਣਾਲੀ ਲਈ ਅਣਉਚਿਤ ਹੈ। ਰਾਜ ਦੀ ਵਿੱਤੀ ਸਿਹਤ 'ਤੇ ਸਵਾਲ ਉਠਾਉਂਦੇ ਹੋਏ, ਪੇਟਵਾਰ ਨੇ ਦੱਸਿਆ ਕਿ 1966 ਤੋਂ 2014 ਦੇ ਵਿਚਕਾਰ - ਲਗਭਗ 48 ਸਾਲਾਂ ਦੇ ਅਰਸੇ ਦੌਰਾਨ - ਹਰਿਆਣਾ ਦਾ ਕਰਜ਼ਾ ਲਗਭਗ 70,000 ਕਰੋੜ ਸੀ, ਜਦੋਂ ਕਿ ਪਿਛਲੇ 12 ਸਾਲਾਂ ਵਿੱਚ, ਇਹ ਵੱਧ ਕੇ 5,56,623 ਕਰੋੜ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਲਗਭਗ ?4.86 ਲੱਖ ਕਰੋੜ ਦਾ ਵਾਧੂ ਕਰਜ਼ਾ ਚੁੱਕਿਆ ਗਿਆ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਨ੍ਹਾਂ ਫੰਡਾਂ ਦੀ ਵਰਤੋਂ ਅਤੇ ਵੱਡੇ ਪ੍ਰੋਜੈਕਟਾਂ ਦੀ ਸਥਿਤੀ ਬਾਰੇ ਜਨਤਾ ਨੂੰ ਪੂਰਾ ਲੇਖਾ-ਜੋਖਾ ਦੇਵੇ।

ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਬਾਰੇ, ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਕਿ ਸਰਕਾਰ ਦਾਅਵਾ ਕਰਦੀ ਹੈ ਕਿ ਉਹ 1.24 ਲੱਖ ਠੇਕੇ 'ਤੇ ਰੱਖੇ ਕਰਮਚਾਰੀਆਂ ਨੂੰ ਨੌਕਰੀ ਦੀ ਸੁਰੱਖਿਆ ਪ੍ਰਦਾਨ ਕਰੇਗੀ, ਅਸਲ ਵਿੱਚ ਵੱਖ-ਵੱਖ ਵਿਭਾਗਾਂ ਦੇ ਹਜ਼ਾਰਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਨ੍ਹਾਂ ਟਿੱਪਣੀ ਕੀਤੀ ਕਿ ਅਜਿਹਾ ਸਿਸਟਮ ਨੌਜਵਾਨਾਂ ਨੂੰ ਸੁਰੱਖਿਅਤ ਭਵਿੱਖ ਦੇਣ ਦੀ ਬਜਾਏ ਨੌਕਰੀ ਗੁਆਉਣ ਦਾ ਡਰ ਪੈਦਾ ਕਰਦਾ ਹੈ। ਸਰਕਾਰ ਦੇ ਨੋ-ਸਲਿੱਪ, ਨੋ-ਰਿਸ਼ਵਤ (ਮੈਰਿਟ-ਅਧਾਰਤ ਭਰਤੀ) ਦੇ ਦਾਅਵਿਆਂ 'ਤੇ ਸਵਾਲ ਉਠਾਉਂਦੇ ਹੋਏ, ਪੇਟਵਾਰ ਨੇ HPSC, HKRN, ਵੱਖ-ਵੱਖ ਨਿਯੁਕਤੀਆਂ ਅਤੇ ਹੋਰ ਮੁੱਦਿਆਂ ਨਾਲ ਸਬੰਧਤ ਦੋਸ਼ਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਸਰਕਾਰ 'ਤੇ ਜਾਇਦਾਦ ਰਜਿਸਟ੍ਰੇਸ਼ਨ, ਦਵਾਈ ਖਰੀਦ, ਸ਼ਰਾਬ ਦੇ ਵਪਾਰ ਅਤੇ ਬੈਂਕਿੰਗ ਨਾਲ ਸਬੰਧਤ ਮਾਮਲਿਆਂ ਦਾ ਹਵਾਲਾ ਦਿੰਦੇ ਹੋਏ 67 ਘੁਟਾਲਿਆਂ ਵਿੱਚ ਸ਼ਮੂਲੀਅਤ ਦਾ ਦੋਸ਼ ਲਗਾਇਆ।

ਸਫਾਈ ਕਰਮਚਾਰੀਆਂ ਅਤੇ ਗੈਸਟ ਟੀਚਰਾਂ ਦੇ ਮੁੱਦੇ ਉਠਾਉਂਦੇ ਹੋਏ, ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਬਜਾਏ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਰਕਾਰ ਨੂੰ ਐਥਲੀਟਾਂ ਲਈ ਅਲਾਟ ਕੀਤੇ ਗਏ ਬਜਟ ਅਤੇ ਖੇਡ ਸਹੂਲਤਾਂ ਦੀ ਸਥਿਤੀ ਬਾਰੇ ਵੀ ਸਵਾਲ ਕੀਤਾ।

ਪੇਟਵਾਰ ਨੇ ਦੋਸ਼ ਲਗਾਇਆ ਕਿ ਵਿਰੋਧੀ ਧਿਰ ਦੇ ਵਿਧਾਇਕਾਂ ਲਈ ਹਲਕਾ ਵਿਕਾਸ ਫੰਡ ਰੋਕਣ ਅਤੇ ਸਦਨ ਵਿੱਚ ਮਾਈਕ੍ਰੋਫੋਨ ਬੰਦ ਕਰਨ ਵਰਗੀਆਂ ਕਾਰਵਾਈਆਂ ਲੋਕਤੰਤਰੀ ਅਧਿਕਾਰਾਂ ਨੂੰ ਕਮਜ਼ੋਰ ਕਰਦੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਰੋਧੀ ਧਿਰ ਸੜਕਾਂ 'ਤੇ ਅਤੇ ਸਦਨ ਦੇ ਅੰਦਰ - ਜਨਤਾ ਦੀ ਆਵਾਜ਼ ਉਠਾਉਂਦੀ ਰਹੇਗੀ ਅਤੇ ਸਰਕਾਰ ਤੋਂ ਆਪਣੇ ਕਾਰਜਕਾਲ ਬਾਰੇ ਜਵਾਬਦੇਹੀ ਦੀ ਮੰਗ ਕਰੇਗੀ। ਇਸ ਮੌਕੇ ਨਗਰ ਕੌਂਸਲ ਦੀ ਸਾਬਕਾ ਚੇਅਰਪਰਸਨ ਸੁਮਨ ਸ਼ਰਮਾ, ਪਵਨ ਗੋਇਲ, ਅਸ਼ੋਕ ਮਲਿਕ, ਨਗਰ ਕੌਂਸਲਰ ਨਿਤੇਸ਼ ਸ਼ਰਮਾ, ਪ੍ਰਦੀਪ ਰਾਪਾਰੀਆ, ਰਾਹੁਲ ਡਾਂਗੀ, ਜਤਿੰਦਰ ਸਿੰਘ, ਬਾਰੂ ਰਾਮ, ਅਤੇ ਰਾਮਫਲ ਮੌਜੂਦ ਸਨ।

ਪੰਚਾਇਤੀ ਨੁਮਾਇੰਦਿਆਂ ਨੂੰ ਸਰਕਾਰੀ ਸਕੀਮਾਂ ਅਤੇ ਵਿਕਾਸ ਯੋਜਨਾਵਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਵਰਕਸ਼ਾਪ ਆਯੋਜਿਤ

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੀਤੀ ਸ਼ਮੂਲੀਅਤ, ਸਰਕਾਰ ਦੇ ਉਪਰਾਲੇ ਦੀ ਕੀਤੀ ਸ਼ਲਾਘਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 03 ਸਤੰਬਰ (ਪੈ.ਗਾਮ-ਏ-ਜਗਤ)



ਪੰਚਾਇਤੀ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ, ਵਿਸ਼ੇਸ਼ ਕਰਕੇ ਸਰਪੰਚਾਂ ਅਤੇ ਪੰਚਾਂ ਨੂੰ ਗ੍ਰਾਮ ਪੰਚਾਇਤਾਂ ਦੀ ਆਮਦਨ ਦੇ ਆਪਣੇ ਸਰੋਤਾਂ, ਗ੍ਰਾਮ ਪੰਚਾਇਤ ਵਿਕਾਸ ਯੋਜਨਾ ਅਤੇ ਸਰਕਾਰ ਦੀਆਂ ਵੱਖ-ਵੱਖ ਫਲੈਗਸ਼ਿਪ ਸਕੀਮਾਂ ਸਬੰਧੀ ਜਾਣਕਾਰੀ ਦੇਣ ਦੇ ਉਦੇਸ਼ ਨਾਲ ਅੱਜ ਜ਼ਿਲ੍ਹਾ ਪੱਧਰ ਦੀ ਇੱਕ ਰੋਜ਼ਾ ਵਰਕਸ਼ਾਪ ਕਿਸਾਨ ਵਿਕਾਸ ਚੈਂਬਰ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤੀ ਗਈ।

ਇਸ ਵਰਕਸ਼ਾਪ ਵਿੱਚ ਵਿਧਾਇਕ ਹਲਕਾ ਡੇਰਾਬੱਸੀ ਸ੍ਰੀ ਕੁਲਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਵਿਧਾਇਕ ਸ੍ਰੀ ਕੁਲਜੀਤ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਨੁਮਾਇੰਦਿਆਂ ਦੀ ਸਮਰੱਥਾ ਵਿੱਚ ਵਾਧਾ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਸਰਕਾਰੀ ਯੋਜਨਾਵਾਂ ਸਬੰਧੀ ਜਾਣੂ ਕਰਵਾਉਣ ਲਈ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਨਾਲ ਸਰਪੰਚਾਂ ਅਤੇ ਪੰਚਾਂ ਨੂੰ ਆਪਣੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਅਤੇ ਅਮਲ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਸਹਾਇਤਾ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੀਮਾਂ ਅਤੇ ਵਿਕਾਸ ਯੋਜਨਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਣ ਨਾਲ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਆਮ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਪੰਚਾਇਤੀ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹਰ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਲਈ ਸਰਗਰਮੀ ਨਾਲ ਕੰਮ ਕਰਨ।

ਵਰਕਸ਼ਾਪ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਨਾਲ ਸਬੰਧਤ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੌਰਾਨ ਪੰਚਾਇਤੀ ਵਿਕਾਸ ਅਤੇ ਸਿਖਲਾਈ ਨਾਲ ਸਬੰਧਤ ਸਰੋਤ ਵਿਅਕਤੀਆਂ ਵੱਲੋਂ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਸਕੀਮਾਂ ਦੇ ਲਾਭ ਆਮ ਜਨਤਾ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਬਾਰੇ ਮਾਰਗਦਰਸ਼ਨ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਅਧਿਕਾਰੀਆਂ ਵੱਲੋਂ ਪਿੰਡਾਂ ਵਿੱਚ ਸੋਲਰ ਲਾਈਟਾਂ ਲਗਾਉਣ ਸਬੰਧੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਸੂਰਜੀ ਊਰਜਾ ਅਧਾਰਿਤ ਲਾਈਟਾਂ ਦੀ ਵਰਤੋਂ ਨਾਲ ਹੋਣ ਵਾਲੇ ਵਾਤਾਵਰਣਿਕ ਅਤੇ ਆਰਥਿਕ ਲਾਭਾਂ ਬਾਰੇ ਵੀ ਸਰਪੰਚਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸ੍ਰੀਮਤੀ ਸੋਨਮ ਚੌਧਰੀ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਸ੍ਰੀਮਤੀ ਪਰਮਬੀਰ ਕੌਰ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਜ਼ਿਲ੍ਹੇ ਦੇ ਸਮੂਹ ਚਾਰ ਬਲਾਕਾਂ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ.) ਵੀ ਹਾਜ਼ਰ ਸਨ।

ਸਰਕਾਰ ਨੂੰ ਸੈਨੀਟੇਸ਼ਨ ਅਤੇ ਫਾਇਰ ਵਿਭਾਗ ਦੇ ਕਰਮਚਾਰੀਆਂ ਦੀਆਂ ਮੰਗਾਂ ਤੁਰੰਤ ਮੰਨਣੀਆਂ ਚਾਹੀਦੀਆਂ ਹਨ

ਪ੍ਰਸ਼ਾਸਨਿਕ ਅਤੇ ਪੁਲਿਸ ਕਾਰਵਾਈ ਬੰਦ ਕਰਨੀ ਚਾਹੀਦੀ ਹੈ: ਮਨੋਜ ਰਾਠੀ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)



ਸੀਨੀਅਰ ਕਾਂਗਰਸੀ ਆਗੂ ਮਨੋਜ ਰਾਠੀ ਨੇ ਸੈਨੀਟੇਸ਼ਨ ਅਤੇ ਫਾਇਰ ਵਿਭਾਗ ਦੇ ਕਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਕਰੇ ਅਤੇ ਪ੍ਰਦਰਸ਼ਨਕਾਰੀ ਕਰਮਚਾਰੀਆਂ ਵਿਰੁੱਧ ਕੀਤੀ ਜਾ ਰਹੀ ਪੁਲਿਸ ਅਤੇ ਪ੍ਰਸ਼ਾਸਨਿਕ ਕਾਰਵਾਈ ਨੂੰ ਰੋਕੇ। ਉਨ੍ਹਾਂ ਕਿਹਾ ਕਿ ਸੈਨੀਟੇਸ਼ਨ ਅਤੇ ਫਾਇਰ ਵਿਭਾਗ ਦੇ ਕਰਮਚਾਰੀ ਆਪਣੇ ਅਧਿਕਾਰਾਂ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਲਗਭਗ ਇੱਕ ਮਹੀਨੇ ਤੋਂ ਹੜਤਾਲ 'ਤੇ ਹਨ, ਫਿਰ ਵੀ ਸਰਕਾਰ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਉਨ੍ਹਾਂ ਨਾਲ ਸਖ਼ਤੀ ਨਾਲ ਪੇਸ਼ ਆ ਰਹੀ ਹੈ। ਉਨ੍ਹਾਂ ਨੇ ਫਾਇਰ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਕਰਨ ਦੀ ਵੀ ਨਿੰਦਾ ਕੀਤੀ, ਇਸਨੂੰ ਸਰਕਾਰੀ ਅਸੰਵੇਦਨਸ਼ੀਲਤਾ ਦਾ ਕੰਮ ਦੱਸਿਆ।

ਮਨੋਜ ਰਾਠੀ ਨੇ ਕਿਹਾ ਕਿ ਸਭ ਤੋਂ ਮੰਦਭਾਗਾ ਪਹਿਲੂ ਇਹ ਹੈ ਕਿ ਮਈ ਵਿੱਚ ਸਰਕਾਰ ਅਤੇ ਕਰਮਚਾਰੀਆਂ ਵਿਚਕਾਰ ਮੰਗਾਂ ਸੰਬੰਧੀ ਸਮਝੌਤਾ ਹੋਇਆ ਸੀ। ਇਸ ਦੇ ਬਾਵਜੂਦ, ਮੰਗਾਂ ਨੂੰ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਕਿ ਸਰਕਾਰ ਕਰਮਚਾਰੀਆਂ ਦੀਆਂ ਮੰਗਾਂ ਨੂੰ ਮੰਨਣ ਦਾ ਦਾਅਵਾ ਕਰਦੀ ਹੈ, ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਅਜਿਹੇ ਗੁੰਮਰਾਹਕੁੰਨ ਪ੍ਰਚਾਰ ਵਿੱਚ ਸ਼ਾਮਲ ਹੋਣ ਦੀ ਬਜਾਏ, ਸਰਕਾਰ ਨੂੰ ਕਰਮਚਾਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਲੱਭਣਾ ਚਾਹੀਦਾ ਹੈ। ਹਿਸਾਰ, ਹਾਂਸੀ ਅਤੇ ਹੋਰ ਇਲਾਕਿਆਂ ਵਿੱਚ ਸਫਾਈ ਕਰਮਚਾਰੀਆਂ ਵਿਰੁੱਧ ਪੁਲਿਸ ਬਲ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਗਲਤ ਅਤੇ ਮੰਦਭਾਗਾ ਦੱਸਦਿਆਂ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਫਾਈ ਕਰਮਚਾਰੀ ਸ਼ਹਿਰ ਦੀ ਸਫਾਈ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਕੜੀ ਹਨ, ਜੋ ਪ੍ਰਤੀਕੂਲ ਹਾਲਤਾਂ ਵਿੱਚ ਵੀ ਜਨਤਾ ਨੂੰ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਦੇ ਹਨ। ਗੱਲਬਾਤ ਅਤੇ ਸਮਝਾਉਣ ਦੀ ਬਜਾਏ ਅਜਿਹੇ ਕਰਮਚਾਰੀਆਂ ਵਿਰੁੱਧ ਜ਼ਬਰਦਸਤੀ ਕਰਨਾ ਅਣਉਚਿਤ ਹੈ।

ਮਨੋਜ ਰਾਠੀ ਨੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਜਮ ਵਰਤਣ ਦੀ ਅਪੀਲ ਵੀ ਕੀਤੀ। ਉਨ੍ਹਾਂ ਟਿੱਪਣੀ ਕੀਤੀ ਕਿ ਪੁਲਿਸ ਕਰਮਚਾਰੀ ਖੁਦ ਵੀ ਕਰਮਚਾਰੀ ਹਨ ਅਤੇ ਉਨ੍ਹਾਂ ਨੂੰ ਪ੍ਰਦਰਸ਼ਨਕਾਰੀ ਕਰਮਚਾਰੀਆਂ ਦੁਆਰਾ ਦਰਪੇਸ਼ ਮੁੱਦਿਆਂ ਅਤੇ ਮੁਸ਼ਕਲਾਂ ਨੂੰ ਸਮਝਣਾ ਚਾਹੀਦਾ ਹੈ। ਸਫਾਈ ਕਰਮਚਾਰੀਆਂ ਵਿਰੁੱਧ ਜ਼ਬਰਦਸਤੀ ਦੀ ਵਰਤੋਂ ਕਰਨ ਦੀ ਬਜਾਏ, ਪੁਲਿਸ ਪ੍ਰਸ਼ਾਸਨ ਨੂੰ ਆਪਣੀ ਊਰਜਾ ਕਾਨੂੰਨ ਵਿਵਸਥਾ ਬਣਾਈ ਰੱਖਣ 'ਤੇ ਕੇਂਦ੍ਰਿਤ ਕਰਨੀ ਚਾਹੀਦੀ ਹੈ। ਇਸ ਨਾਲ ਪੁਲਿਸ ਬਲ ਦੀ ਸ਼ਾਨ ਬਰਕਰਾਰ ਰਹੇਗੀ ਅਤੇ ਕਰਮਚਾਰੀਆਂ ਦੇ ਦੋਵਾਂ ਸਮੂਹਾਂ ਵਿਚਕਾਰ ਕਿਸੇ ਵੀ ਟਕਰਾਅ ਵਾਲੀ ਸਥਿਤੀ ਨੂੰ ਰੋਕਿਆ ਜਾ ਸਕੇਗਾ।

ਸੀਨੀਅਰ ਕਾਂਗਰਸ ਨੇਤਾ ਨੇ ਪੁਸ਼ਟੀ ਕੀਤੀ ਕਿ ਕਾਂਗਰਸ ਪਾਰਟੀ ਸਫਾਈ ਅਤੇ ਫਾਇਰ ਵਿਭਾਗ ਦੇ ਕਰਮਚਾਰੀਆਂ ਦੀਆਂ ਮੰਗਾਂ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਜਾਇਜ਼ ਅਤੇ ਜਾਇਜ਼ ਮੰਨਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕਰਮਚਾਰੀ ਪ੍ਰਤੀਨਿਧੀਆਂ ਨੂੰ ਗੱਲਬਾਤ ਲਈ ਸੱਦਾ ਦੇਵੇ, ਮਈ ਵਿੱਚ ਹੋਏ ਸਮਝੌਤੇ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕਰੇ, ਅਤੇ ਅੰਦੋਲਨ ਦੌਰਾਨ ਕਰਮਚਾਰੀਆਂ ਵਿਰੁੱਧ ਕੀਤੀਆਂ ਗਈਆਂ ਪੁਲਿਸ ਅਤੇ ਪ੍ਰਸ਼ਾਸਨਿਕ ਕਾਰਵਾਈਆਂ ਨੂੰ ਰੋਕੇ।

ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੇ ਅੰਦੋਲਨ ਨੂੰ ਦਬਾਉਣ ਦੀ ਬਜਾਏ, ਸਰਕਾਰ ਨੂੰ ਸੰਵੇਦਨਸ਼ੀਲਤਾ ਅਤੇ ਗੱਲਬਾਤ ਰਾਹੀਂ ਹੱਲ ਕੱਢਣਾ ਚਾਹੀਦਾ ਹੈ। ਸੈਨੀਟੇਸ਼ਨ ਅਤੇ ਫਾਇਰ ਸਰਵਿਸ ਕਰਮਚਾਰੀ ਸਮਾਜ ਨੂੰ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੇ ਹਨ, ਅਤੇ ਉਨ੍ਹਾਂ ਦੇ ਸਨਮਾਨ ਅਤੇ ਅਧਿਕਾਰਾਂ ਦੀ ਰਾਖੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਮੁੱਖ ਮੰਤਰੀ ਖੇਡ ਮੈਦਾਨ ਯੋਜਨਾ ਤਹਿਤ ਡੇਰਾਬੱਸੀ ਹਲਕੇ ਦੇ ਤਿੰਨ ਪਿੰਡਾਂ ਨੂੰ ਮਿਲੇ ਆਧੁਨਿਕ ਖੇਡ ਮੈਦਾਨ

ਡੇਰਾਬੱਸੀ, 3 ਸਤੰਬਰ (ਪੈ.ਗਾਮ-ਏ-ਜਗਤ)



ਡੇਰਾਬੱਸੀ ਹਲਕੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਪਿੰਡ ਪੱਧਰ 'ਤੇ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਮੁੱਖ

- ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅਮਲਾਲਾ, ਭਾਂਖਰਪੁਰ ਤੇ ਬਿਜਨਪੁਰ ਦੇ ਖੇਡ ਮੈਦਾਨ ਲੋਕਾਂ ਨੂੰ ਕੀਤੇ ਸਮਰਪਿਤ

ਮੰਤਰੀ ਖੇਡ ਮੈਦਾਨ ਯੋਜਨਾ ਤਹਿਤ ਤਿਆਰ ਕੀਤੇ ਗਏ ਪਿੰਡ ਅਮਲਾਲਾ, ਭਾਂਖਰਪੁਰ ਅਤੇ ਬਿਜਨਪੁਰ ਦੇ ਖੇਡ ਮੈਦਾਨਾਂ ਦਾ ਉਦਘਾਟਨ ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਨੇ ਤਿੰਨਾਂ ਖੇਡ ਮੈਦਾਨਾਂ ਨੂੰ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੂੰ ਲੋਕ ਅਰਪਿਤ ਕੀਤਾ। ਇਸ ਮੌਕੇ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਨੂੰ ਤੰਦਰੁਸਤ ਬਣਾਉਣ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਪਿੰਡਾਂ ਵਿੱਚ ਆਧੁਨਿਕ ਖੇਡ ਮੈਦਾਨਾਂ ਦੀ ਉਸਾਰੀ ਇਸੇ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਖੇਡ ਮੈਦਾਨ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਮੌਕਾ ਦੇਣ ਦੇ ਨਾਲ-ਨਾਲ ਸਿਹਤਮੰਦ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਸਰਕਾਰ ਦਾ ਉਦੇਸ਼ ਹੈ ਕਿ ਪਿੰਡਾਂ ਦੇ ਨੌਜਵਾਨਾਂ ਨੂੰ ਆਪਣੇ ਹੀ ਪਿੰਡਾਂ ਵਿੱਚ ਖੇਡਾਂ ਲਈ ਵਧੀਆ ਅਤੇ ਲੋੜੀਂਦੀਆਂ ਸਹੂਲਤਾਂ ਉਪਲਬਧ ਹੋਣ। ਪਿੰਡ ਅਮਲਾਲਾ ਵਿਖੇ ਤਿਆਰ ਕੀਤੇ ਖੇਡ ਮੈਦਾਨ ਲਈ ਲਗਭਗ 45.65 ਲੱਖ ਰੁਪਏ ਦੀ ਅਨੁਮਾਨਿਤ ਰਕਮ ਹੈ। ਇੱਥੇ ਖਿਡਾਰੀਆਂ ਦੀ ਸਹੂਲਤ ਲਈ ਟਾਇਲਟ, ਚੇਨ ਲਿੰਕ ਫੈਂਸਿੰਗ, ਬੋਰਵੈੱਲ, ਹਾਈਡਰੈਂਟ ਅਤੇ ਸਪ੍ਰਿੰਕਲਰ ਸਿਸਟਮ, ਬੈਂਚ, ਹਾਈ ਮਾਸਟ ਲਾਈਟਾਂ ਅਤੇ ਬੋਲਾਰਡ ਲਾਈਟਾਂ ਸਮੇਤ ਵੱਖ-ਵੱਖ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਪਿੰਡ ਭਾਂਖਰਪੁਰ ਵਿਖੇ ਖੇਡ ਮੈਦਾਨ ਲਈ ਲਗਭਗ 7.06 ਲੱਖ ਰੁਪਏ ਦੀ ਅਨੁਮਾਨਿਤ ਰਕਮ ਨਾਲ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ। ਮੈਦਾਨ ਵਿੱਚ ਹਾਈਡਰੈਂਟ ਅਤੇ ਸਪ੍ਰਿੰਕਲਰ ਸਿਸਟਮ, ਬੈਂਚ, ਬੋਰਵੈੱਲ, ਹਾਈ ਮਾਸਟ ਲਾਈਟਾਂ ਅਤੇ ਬੋਲਾਰਡ ਲਾਈਟਾਂ ਆਦਿ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ। ਬਿਜਨਪੁਰ ਵਿੱਚ 4.50 ਲੱਖ ਰੁਪਏ ਦੀ ਲਾਗਤ ਨਾਲ ਖੇਡ ਸਹੂਲਤਾਂ ਇਸੇ ਤਰ੍ਹਾਂ ਪਿੰਡ ਬਿਜਨਪੁਰ ਵਿਖੇ ਤਿਆਰ ਕੀਤੇ ਖੇਡ ਮੈਦਾਨ 'ਤੇ ਲਗਭਗ 4.50 ਲੱਖ ਰੁਪਏ ਦੀ ਲਾਗਤ ਨਾਲ ਹਾਈਡ?ਰੈਂਟ ਅਤੇ ਸਪ੍ਰਿੰਕਲਰ ਸਿਸਟਮ, ਬੈਂਚ, ਹਾਈ ਮਾਸਟ ਲਾਈਟਾਂ ਅਤੇ ਬੋਲਾਰਡ ਲਾਈਟਾਂ ਆਦਿ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।